
ਭਾਈ ਮੰਝ ਜੀ



ਗਿ. ਅਮਰ ਸਿੰਘ

ਸਤਵੀਂ ਐਡੀਸ਼ਨ ਦਸੰਬਰ 2000

ਮੁੱਲ : 25-00

ਪ੍ਰਕਾਸ਼ਕ-

ਖ਼ਾਲਸਾ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ ।

ਪ੍ਰਿੰਟਰ-

ਪ੍ਰਿੰਟਵੈਲ, 146-47, ਫੋਕਲ ਪੁਆਇੰਟ, ਅੰਮ੍ਰਿਤਸਰ ।

ਸਮਰਪਣ

ਉਨ੍ਹਾਂ ਗੁਰਮੁਖ ਪਿਆਰਿਆਂ ਨੂੰ
ਜਿਨ੍ਹਾਂ ਨੇ
ਤਨੁ ਮਨੁ ਧਨੁ ਸਭੁ ਸਉਪਿ
ਗੁਰ ਕਉ
ਹੁਕਮਿ ਮੰਨਿਐ ਪਾਈਐ ॥
ਦੀ
ਘਾਲਣਾ ਘਾਲੀ ।

ਮੁਖ ਸ਼ਬਦ

ਗੁਰ-ਇਤਿਹਾਸ ਨੂੰ ਪੜ੍ਹਿਆਂ ਪਤਾ ਲੱਗਦਾ ਹੈ ਕਿ ਨਿਮਰਤਾ ਅਤੇ ਸੇਵਾ ਭਾਵ ਨਾਲ ਮਨੁੱਖ ਮਨ ਨੂੰ ਜਿੱਤ ਲੈਂਦਾ ਹੈ। 'ਮਨਿ ਜੀਤੈ ਜਗੁ ਜੀਤੁ' ਦੇ ਅਸਥਾਨ ਤੇ ਪੁਜ ਜਾਂਦਾ ਹੈ।

ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪ ਇਸ ਕਸਵਟੀ ਤੇ ਅਮਲ ਕੀਤਾ। ਉਦਾਸੀਆਂ ਕਰਕੇ ਲੋਕ ਭਲਾਈਆਂ ਕੀਤੀਆਂ। ਕੌਡੇ ਰਾਖਸ਼ ਵਰਗੀਆਂ ਨਿਰਦਈ ਆਤਮਾਵਾਂ ਨੂੰ ਸਿੱਧੇ ਰਸਤੇ ਪਾਕੇ ਸੇਵਾ ਕਰਨ ਦਾ ਉਪਦੇਸ਼ ਦਿੱਤਾ। ਸੰਸਾਰ ਭਰ ਦੇ ਰਟਨ ਉਪਰੰਤ ਕਰਤਾਰਪੁਰ ਆ ਕੇ ਸੇਵਾ ਭਾਵ ਅਤੇ ਹੁਕਮ ਮੰਨਣ ਦਾ ਪ੍ਰਚਾਰ ਕੀਤਾ। ਇਸ ਤੇ ਅਮਲ ਕਰਦਿਆਂ ਗੁਰ-ਗੱਦੀ ਭਾਈ ਲਹਿਣਾ ਜੀ ਨੂੰ ਬਖਸ਼ੀ।

ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਅਤੁਟ ਸੇਵਾ ਕਰਕੇ, ਹੁਕਮ ਮੰਨ ਕੇ ਇਸ ਗੁਰਗੱਦੀ ਤੇ ਸੁਸ਼ੋਭਤ ਹੋਏ।

ਗੁਰੂ ਪਾਤਸ਼ਾਹ ਜੀ ਦੀਆਂ ਬਖਸ਼ਸ਼ਾਂ ਦੁਆਰਾ ਗੁਰੂ ਕੇ ਸਿਖਾਂ ਨੇ ਵੀ ਮਹਾਨ ਸੇਵਾਵਾਂ ਕੀਤੀਆਂ ਅਤੇ ਗੁਰੂ ਪਾਤਸ਼ਾਹ ਜੀ ਦੇ ਹੁਕਮਨਾਮੇ ਮੰਨ ਕੇ ਮਹਾਨ ਸਿੱਖ ਬਣੇ। ਭਾਈ ਮੰਝ ਜੀ ਵੀ ਉਨ੍ਹਾਂ ਪਵਿੱਤਰ ਅਤੇ ਮਹਾਨ ਸਿੱਖਾਂ ਵਿਚੋਂ ਇਕ ਸਨ, ਜਿਨ੍ਹਾਂ ਨੇ ਆਪਾ ਵਾਰ ਕੇ, ਗੁਰ ਸੇਵਾ ਕਰਕੇ :

ਮੰਝ ਪਿਆਰਾ ਗੁਰੂ ਕੋ ਗੁਰ ਮੰਝ ਪਿਆਰਾ ॥
ਮੰਝ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ ॥

ਦੀ ਉੱਚ ਪਦਵੀ ਪ੍ਰਾਪਤ ਕੀਤੀ, ਇਨ੍ਹਾਂ ਦਾ ਸਾਰਾ ਜੀਵਨ, ਸੇਵਾ ਅਤੇ ਨਿਮਰਤਾ ਨਾਲ ਭਰਿਆ ਪਿਆ ਹੈ। ਇਨ੍ਹਾਂ ਦੀ ਘਾਲਣਾ, ਸੇਵਾ ਤੇ ਜੀਵਨ ਦੀ ਰੋਸ਼ਨੀ ਲੈ ਕੇ ਲੋਕ ਸੁਖੀਏ ਪ੍ਰਲੋਕ ਸੁਹੇਲੇ ਹੋ ਜਾਂਦੇ ਹਨ।

ਦਾਸ—ਪ੍ਰਕਾਸ਼ਕ

ਗੁਰੂ ਘਰ ਦੇ ਅਨਿਨ੍ਹ ਸਿੱਖ

ਭਾਈ ਮੰਝ ਜੀ

੧.

ਭਾਰਤ ਵਿਚ ਮੁਸਲਮਾਨੀ ਰਾਜ ਕੋਈ ਹਜ਼ਾਰ ਸਾਲ, ਤੋਂ ਵਧ ਸਮਾਂ ਰਿਹਾ, ਤੇ ਉਹ ਹਰ ਤਰੀਕੇ ਨਾਲ ਮਜ਼ਬ ਦੇ ਵਾਧੇ ਦਾ ਯਤਨ ਕਰਦਾ ਰਿਹਾ। ਹਿੰਦੂ ਲੋਕ ਬੇਅੰਤ ਦੇਵੀ ਦੇਵਤਿਆਂ ਦੀ ਪੂਜਾ ਵਿਚ ਲਗੇ ਹੋਏ ਸਨ। ਸਤਾਰਵੀਂ ਸਦੀ ਵਿੱਚ ਸਖੀ ਸਰਵਰ ਦੀ ਪੂਜਾ ਦਾ ਰਿਵਾਜ ਏਨਾ ਪ੍ਰਚਲਤ ਹੋ ਗਿਆ ਤੇ ਇਸ ਦਾ ਪ੍ਰਚਾਰ ਏਨਾ ਵਧਿਆ ਕਿ ਜਿਵੇਂ ਹਿੰਦੂ ਲੋਕ ਜਵਾਲਾ ਜੀ ਜਾਂ ਹੋਰ ਦੇਵੀਆਂ ਆਦਿਕਾਂ ਦੇ ਅਸਥਾਨ ਤੇ ਪੂਜਾ ਕਰਨ ਲਈ ਜਥੇ ਬਣਾ ਕੇ ਉਸ ਦੀਆਂ ਭੇਟਾਂ ਗਾਉਂਦੇ ਸਨ, ਏਸੇ ਤਰ੍ਹਾਂ ਹੀ ਸਖੀ ਸਰਵਰ ਦੇ ਮੁੱਢਲੇ ਅਸਥਾਨ ਤੇ ਨਿਗਾਹੇ ਦੀ ਪੂਜਾ ਹੋਣੀ ਸ਼ੁਰੂ ਹੋ ਗਈ ਸੀ। ਦੂਰ ਦੂਰ ਤੋਂ ਲੋਕ ਇਸ ਦੇ ਮੇਲੇ ਤੇ ਇਸ ਦੀ ਕਬਰ ਤੇ ਆਉਣੇ ਸ਼ੁਰੂ ਹੋ ਗਏ। ਇਹ ਪ੍ਰਚਾਰ ਹਿੰਦੂ ਮੁਸਲਮਾਨਾਂ ਦੋਹਾਂ ਦਾ ਸਾਂਝਾ ਜਿਹਾ ਹੋ ਗਿਆ ਸੀ। ਸਖੀ ਸਰਵਰ ਨੂੰ ਮੰਨਣ ਵਾਲੇ ਲੋਕਾਂ ਘਰੋ-ਘਰੀਂ ਸਖੀ ਸਰਵਰ ਦੀਆਂ ਕਬਰਾਂ ਬਣਾ ਕੇ ਉਹਨਾਂ ਦੀ ਪੂਜਾ ਆਰੰਭ ਦਿੱਤੀ ਸੀ, ਤੇ ਮੁਸਲਮਾਨੀ ਰਾਜ ਹੋਣ ਕਰਕੇ, ਇਸ ਦਾ ਪ੍ਰਚਾਰ ਦਿਨੋ-ਦਿਨ ਤੇਜ਼ੀ ਤੇ ਸੀ।

ਇਸ ਸਖੀ ਸਰਵਰ ਦੀ ਪੂਜਾ ਦਾ ਰਿਵਾਜ ਮਾਝੇ, ਮਾਲਵੇ ਤੇ ਦੁਆਬੇ ਵਿੱਚ ਚੋਖਾ ਫੈਲ ਰਿਹਾ ਸੀ। ਇਹ ਹੁੱਕਾ ਪੀਂਦੇ ਤੇ ਸੁਚ-ਸੰਜਮ ਇਨ੍ਹਾਂ ਦਾ ਕੋਈ ਹੈ ਹੀ ਨਹੀਂ ਸੀ। ਸਖੀ ਸਰਵਰ ਦੇ ਉਪਾਸ਼ਕਾਂ ਨੇ ਉਸ ਸਮੇਂ ਦੇ ਢਾਡੀਆਂ ਕੋਲੋਂ, ਕਵੀਸ਼ਰਾਂ ਕੋਲੋਂ, ਤੇ ਹੋਰ ਇਹੋ ਜਿਹੇ ਲੋਕਾਂ ਕੋਲੋਂ ਸਖੀ ਸਰਵਰ ਦੀਆਂ ਕਰਾਮਾਤਾਂ ਤੇ ਹੋਰ ਵਡਿਆਈਆਂ ਦੀਆਂ ਬੜੀਆਂ ਕਹਾਣੀਆਂ ਤੇ ਕਿੱਸੇ ਜੁੜਵਾਏ ਹੋਏ ਸਨ, ਜੋ ਕਵਿਤਾ ਵਿਚ ਹੋਣ ਕਰਕੇ, ਸਖੀ ਸਰਵਰ ਦੇ ਉਪਾਸ਼ਕ

ਹੇਕਾਂ ਲਾ-ਲਾ ਕੇ ਪੜ੍ਹਦੇ ਤੇ ਖਾਸ ਕਰਕੇ, ਜਦੋਂ ਨਿਗਾਹੇ ਨੂੰ ਜਾਂਦੇ, ਤਾਂ ਰਸਤੇ ਵਿਚ ਢੋਲ ਢਮਕਿਆਂ ਨਾਲ ਗੀਤ ਤੇ ਸ਼ਬਦ ਪੜ੍ਹਦੇ ਜਾਂਦੇ ਸਨ। ਸਖੀ ਸਰਵਰ ਦੀ ਪੂਜਾ ਨੇ ਹਿੰਦੂ ਤੇ ਮੁਸਲਮਾਨਾਂ ਨੂੰ ਬੜੇ ਖ਼ਤਰਨਾਕ ਤਰੀਕੇ ਨਾਲ ਇਕ ਕਰਨਾ ਸ਼ੁਰੂ ਕੀਤਾ ਹੋਇਆ ਸੀ।

ਸਿੱਖੀ ਦੀ ਲਹਿਰ ਸ਼ੁਰੂ ਹੋਈ ਨੂੰ ਵੀ ਅਜੇ ਥੋੜਾ ਹੀ ਸਮਾਂ ਹੋਇਆ ਸੀ ਤੇ ਇਹ ਵੀ ਪੰਜਾਬ ਵਿਚ ਵਧ ਫੁੱਲ ਰਹੀ ਸੀ। ਸਖੀ ਸਰਵਰ ਦੀ ਪੂਜਾ ਭੇਡ ਚਾਲ ਵਾਂਗ ਵਧ ਰਹੀ ਸੀ ਤੇ ਪਿੰਡਾਂ ਦੇ ਪਿੰਡ ਇਸ ਭੇਡ ਚਾਲ ਦੇ ਸ਼ਿਕਾਰ ਹੋ ਰਹੇ ਸਨ, ਪਰ ਜ਼ਿਲਾ ਅੰਮ੍ਰਿਤਸਰ ਸਿੱਖੀ ਦਾ ਸੈਂਟਰ ਹੋਣ ਕਰਕੇ, ਇਥੇ ਇਸ ਦਾ ਜ਼ੋਰ ਭਾਵੇਂ ਕੁਝ ਘੱਟ ਸੀ, ਪਰ ਫੇਰ ਵੀ ਨਿਗਾਹੇ ਨੂੰ ਜਾਂਦੇ ਹੋਏ, ਸਖੀ ਸਰਵਰੀਏ, ਜਦੋਂ ਮਾਝੇ ਦਿਆਂ ਪਿੰਡਾਂ ਵਿਚੋਂ ਲੰਘਦੇ ਤਾਂ ਇਸ ਦਾ ਕਾਫ਼ੀ ਪ੍ਰਚਾਰ ਕਰ ਜਾਂਦੇ, ਤੇ ਕਈਆਂ ਨੂੰ ਆਪਣੇ ਮਗਰ ਲਾ ਜਾਂਦੇ ਸਨ।

ਗੁਰੂ ਅਰਜਨ ਦੇਵ ਜੀ ਗੁਰਤਾ-ਗੱਦੀ ਤੇ ਬੈਠੇ ਤਾਂ ਉਸ ਸਮੇਂ ਤਕ ਨਿਗਾਹੇ ਨੂੰ ਜਾਣ ਵਾਲੇ ਸਖੀ ਸਰਵਰੀਆਂ ਦੇ ਕਈ ਕਈ ਜਥੇ ਏਥੋਂ ਅੰਮ੍ਰਿਤਸਰ ਦੇ ਕੋਲੋਂ ਲੰਘਿਆ ਕਰਦੇ ਸਨ। ਪਰ ਏਥੇ ਇਲਾਹੀ ਹਰੀ ਕੀਰਤਨ, ਸੇਵਾ ਦੀ ਲਹਿਰ, ਪਰਸਪਰ ਪ੍ਰੇਮ ਤੇ ਪ੍ਰਭੂ ਭਗਤੀ ਤੇ ਅਸਲੀ ਉਪਦੇਸ਼ਾਂ ਦਾ ਜੱਗ ਲੱਗਾ ਹੋਇਆ ਸੀ। ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਵਿਚ ਜਿੰਨੇ ਵੀ ਵਡੇ ਸਿੱਖ ਹੋਏ ਹਨ ਤਕਰੀਬਨ ਬਹੁਤੇ ਹੀ ਉਨ੍ਹਾਂ ਵਿਚੋਂ ਪਹਿਲੇ ਸਖੀ ਸਰਵਰ ਦੀ ਪੂਜਾ ਤੇ ਉਸਦੀ ਘਰ ਵਿਚ ਕਬਰ ਬਣਾ ਕੇ ਮਾਨਤਾ ਕਰਨ ਵਾਲੇ ਸਨ। ਸਖੀ ਸਰਵਰ ਦੀਆਂ ਉਸ ਵੇਲੇ ਸਾਖੀਆਂ ਮਸ਼ਹੂਰ ਸਨ ਕਿ ਇਹ ਰੋਗ ਕੱਟ ਦੇਂਦਾ ਹੈ, ਜ਼ਮੀਨ, ਧਨ, ਦੌਲਤ ਤੇ ਇਜ਼ਤ ਬਖ਼ਸ਼ਦਾ ਹੈ ਤੇ ਜਿਨ੍ਹਾਂ ਦੇ ਘਰ ਪੁੱਤਰ ਨਹੀਂ ਹੁੰਦੇ ਸਨ, ਉਨ੍ਹਾਂ ਨੂੰ ਪੁੱਤਰ ਦੇਂਦਾ ਹੈ। ਦੁਨੀਆਂ ਲੋੜਵੰਦਾਂ ਦੀ ਹੈ, ਦੁਨੀਆਂ ਵਿਚ ਰਹਿਣ ਵਾਲਿਆਂ ਨੂੰ ਹਰ ਵੇਲੇ ਲੋੜਾਂ ਵਿਆਪਦੀਆਂ ਹੀ ਰਹਿੰਦੀਆਂ ਹਨ।

ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਕਰਕੇ, ਚਾਰ ਵੇਰਾਂ ਦੁਨੀਆਂ ਦਾ ਦੌਰਾ ਕੀਤਾ ਤੇ ਕੋਨੇ ਕੋਨੇ ਵਿਚ ਫਿਰ ਕੇ ਰੱਬ ਤੋਂ ਭੁਲੇ ਲੋਕਾਂ ਨੂੰ ਰੱਬ ਦੀ ਹੋਂਦ ਦਾ ਅਹਿਸਾਸ ਕਰਾਇਆ- ਜੋਗੀਆਂ, ਜਤੀਆਂ, ਤਪੀਆਂ ਤੇ ਪੀਰਾਂ ਨੂੰ ਵੀ ਦੱਸਿਆ ਕਿ ਤੁਹਾਡੀ ਮੰਜ਼ਲ ਤਾਂ ਰੱਬ ਨੂੰ ਮਿਲਣ ਦੀ, ਪ੍ਰਭੂ-ਮਿਲਾਪ ਦੇ ਆਨੰਦ ਮਾਣਨ ਦੀ ਹੈ, ਪਰ ਤੁਸੀਂ ਏਥੇ ਫੋਕੇ ਦੁਨਿਆਵੀ ਮਾਣ ਤੇ ਸਤਿਕਾਰ

ਵਿਚ ਹੀ ਫਸ ਗਏ ਹੋ, ਸਿਰਫ ਮਾਣ ਸਤਿਕਾਰ ਵਿਚ ਹੀ ਨਹੀਂ ਫਸੇ, ਸਗੋਂ ਹੰਕਾਰ ਦੀ ਟੀਸੀ ਤੇ ਚੜ੍ਹ ਬੈਠੇ ਹੋ, ਦੁਨੀਆਂ ਨੂੰ ਡਰਾਉਣ ਲਈ, ਆਪਣੇ ਮਗਰ ਲਾਉਣ ਲਈ, ਕਰਾਮਾਤਾਂ ਦਿਖਾਉਣ ਦੇ ਪਖੰਡ ਕਰਦੇ ਹੋ। ਗੁਰੂ ਨਾਨਕ ਸਾਹਿਬ ਨੇ ਅਨੇਕਾਂ ਭੁਲਿਆਂ ਨੂੰ ਰਾਹੇ ਪਾ ਕੇ ਅਗੋਂ ਸੱਚ ਦੀ ਜੋਤ ਜਗਾ ਦਿੱਤੀ। ਆਪਣੇ ਕੀਤੇ ਹੋਏ ਪ੍ਰਚਾਰ ਨੂੰ ਪ੍ਰਚਾਰਨ ਦਾ ਸੈਂਟਰ ਕਾਇਮ ਕਰ ਦਿੱਤਾ।

ਪੰਜਾਬ ਵਿਚ ਸਖੀ ਸਰਵਰ ਦੀ ਮਾਨਤਾ ਵੀ ਇਹਨਾਂ ਦਿਨਾਂ ਵਿਚ ਪੂਰੇ ਜੋਬਨ ਤੇ ਸੀ ਤੇ ਗੁਰੂ ਸਾਹਿਬਾਂ ਨੇ ਇਸ ਕਬਰ ਪੂਜਾ ਦੀ ਪਕੜ ਵਿਚੋਂ ਵੀ ਲੋਕਾਂ ਨੂੰ ਪੂਰੇ ਜ਼ੋਰ ਨਾਲ ਛੁਡਾਉਣ ਦਾ ਉਪਰਾਲਾ ਕੀਤਾ। ਗੁਰੂ ਅੰਗਦ ਦੇਵ ਜੀ ਦੇ ਸਮੇਂ ਵੀ ਕਈ ਐਸੇ ਸਿੱਖ ਹੋਏ ਜੋ ਵੱਡੇ ਸਖੀ ਸਰਵਰੀਏ ਸਨ, ਪਰ ਫਿਰ ਉਹੀ ਐਸੇ ਸਿੱਖ ਬਣੇ ਕਿ ਜਿਨ੍ਹਾਂ ਨੇ ਸੈਂਕੜਿਆਂ ਸਖੀ ਸਰਵਰੀਆਂ ਨੂੰ ਗੁਰ ਸਿੱਖੀ ਵਿਚ ਲਿਆਂਦਾ।

ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਦੇ ਵੇਲੇ ਵੀ ਕਈ ਸਿੱਖ ਬਣੇ, ਪਰ ਗੁਰੂ ਰਾਮਦਾਸ ਜੀ ਨੇ ਜਦ ਅੰਮ੍ਰਿਤਸਰ ਦੀ ਰਚਨਾ ਕੀਤੀ ਤਾਂ ਉਸ ਸਮੇਂ ਤੋਂ ਬਹੁਤੇ ਹੀ ਸਰਵਰੀਆਂ ਨੂੰ ਗੁਰੂ ਘਰ ਦੀ ਕੀਰਤੀ ਤੇ ਗੁਰੂ ਪ੍ਰਮੇਸ਼ਰ ਦੀ ਭਗਤੀ ਨੂੰ ਦੇਖ ਕੇ ਰੰਗ ਲੱਗਾ ਸੀ ਕਿਉਂਕਿ ਸਰਵਰੀਏ ਸਾਲ ਦੇ ਸਾਲ ਨਿਗਾਹੇ ਜਾਂਦੇ ਸਨ ਤੇ ਦੂਰੋਂ ਦੂਰੋਂ ਉਹ ਢੋਲ ਢਮੱਕੇ ਵਜਾਉਂਦੇ ਆਉਂਦੇ ਤੇ ਗੁਰੂ ਦੇ ਨਗਰ (ਅੰਮ੍ਰਿਤਸਰ) ਦੇ ਕੋਲੋਂ ਲੰਘਦੇ ਸਨ। ਭਾਵੇਂ ਗੁਰੂ ਰਾਮਦਾਸ ਜੀ ਦੇ ਸਮੇਂ ਵੀ ਕਈ ਸਰਵਰੀਏ ਸਿੱਖ ਬਣੇ, ਪਰ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਾਂ ਐਸੀ ਖੇਡ ਵਰਤੀ ਕਿ ਕਈ ਸਰਵਰੀਏ ਵੱਡੇ ਵੱਡੇ ਸਿੱਖ ਬਣੇ। ਇਨ੍ਹਾਂ ਨੇ ਸਿੱਖੀ ਦੀ ਭਾਰੀ ਕਮਾਈ ਕੀਤੀ। ਜਿਨ੍ਹਾਂ ਵੱਲ ਵੇਖ ਕੇ, ਸੈਂਕੜੇ ਨਹੀਂ ਸਗੋਂ ਹਜ਼ਾਰਾਂ ਸਰਵਰੀਏ ਮੁਰੀਦ ਸਖੀ ਸਰਵਰ ਦੀ ਪੂਜਾ ਛੱਡ ਕੇ ਗੁਰੂ ਘਰ ਦੇ ਪ੍ਰੇਮੀ ਬਣ ਗਏ।

ਭਾਈ ਬਹਿਲੋ ਜੀ ਮਾਲਵੇ ਦੇ ਰਹਿਣ ਵਾਲੇ ਪੱਕੇ ਸਰਵਰੀਏ ਤੇ ਏਨੇ ਅਗੇ ਵਧ ਚੁੱਕੇ ਸਨ ਕਿ ਸਖੀ ਸਰਵਰ ਦਾ ਪ੍ਰਚਾਰ ਕਰਨ ਵਾਲਿਆਂ ਦੇ ਆਗੂ ਬਣੇ ਹੋਏ ਸਨ। ਇਨ੍ਹਾਂ ਨੇ ਘਰ ਪੀਰ ਖਾਨਾ ਬਣਾਇਆ ਹੋਇਆ ਸੀ ਤੇ ਵੀਰਵਾਰ ਦੇ ਵੀਰਵਾਰ ਇਹ ਉਥੇ ਘਰ ਵਿਚ ਹੀ ਲੋਕਾਂ ਨੂੰ ਖਿਡਾਉਂਦੇ ਸਨ, ਜਾਦੂ ਮੰਤਰ ਤੇ ਟੂਣਿਆਂ ਦੇ ਮਾਹਰ ਬਣਦੇ ਜਾ ਰਹੇ ਸਨ। ਪਰ ਇੰਨਾਂ ਕੁਝ ਹੋਣ ਦੇ ਬਾਵਜੂਦ

PTO

ਮਨ ਦੀ ਸ਼ਾਂਤੀ, ਜੋ ਅਸਲੀ ਚੀਜ਼ ਹੈ, ਜਿਸ ਨੂੰ ਪ੍ਰਾਪਤ ਕਰਨਾ ਹੀ ਮਨੁੱਖੀ ਜੀਵਨ ਦਾ ਅਸਲ ਨਿਸ਼ਾਨਾ ਹੈ। ਸੱਚੇ ਪ੍ਰਭੂ ਭਗਤ ਬਣੇ ਤੋਂ ਬਿਨਾਂ ਇਹ ਸ਼ਾਂਤੀ ਨਸੀਬ ਹੋਣੀ ਕਠਨ ਹੈ। ਮਨ ਦੇ ਖਿਆਲ, ਮਨ ਦੀਆਂ ਦੌੜਾਂ ਤੇ ਦੁਨੀਆਂ ਦੇ ਬਹੁਰੰਗੀ ਖੇਡ ਤਮਾਸ਼ੇ, ਇਸ ਸ਼ਾਂਤੀ ਨੂੰ ਬਾਰ ਬਾਰ ਭੰਗ ਕਰਨ ਵਾਲੇ ਸਾਬਤ ਹੁੰਦੇ ਸਨ। ਉਹ ਅਸਲੀ ਸ਼ਾਂਤੀ ਜਿਸ ਨੂੰ ਦੁਨੀਆਂ ਦੇ ਦੁੱਖ ਸੁੱਖ ਨਹੀਂ ਪੋਂਹਦੇ, ਉਹ ਸੱਚੇ ਤੇ ਅਸਲੀ ਗੁਰੂ ਦੇ ਮਿਲਾਪ ਬਿਨਾਂ ਪ੍ਰਾਪਤ ਨਹੀਂ ਹੁੰਦੀ। ਸੋ ਠੀਕ ਇਹੋ ਹਾਲਤ ਹੀ ਭਾਈ ਬਹਿਲੋ ਜੀ ਦੀ ਸੀ, ਮਨ ਉਹਨਾਂ ਦਾ ਅਸ਼ਾਂਤ ਰਹਿੰਦਾ ਸੀ। ਭਾਵੇਂ ਲੋਕ ਸਖੀ ਸਰਵਰੀਆਂ ਦਾ ਆਗੂ ਹੋਣ ਦੇ ਨਾਤੇ ਆਪ ਨੂੰ ਰਾਹੇ ਤੁਰੇ ਜਾਂਦਿਆਂ ਨੂੰ ਵੀ ਮੱਥੇ ਟੇਕਦੇ ਸਨ, ਪਰ ਮਨ ਦੀ ਸ਼ਾਂਤੀ ਤਾਂ ਮੱਥੇ ਟਿਕਾਉਣ ਨਾਲ ਸਗੋਂ ਦੂਰ ਚਲੀ ਜਾਂਦੀ ਹੈ, ਹਉਮੈ ਤੇ ਹੰਕਾਰ ਅਤੇ ਦਵੈਸ਼ ਦੀਆਂ ਕਿਰਨਾਂ ਇਸ ਸ਼ਾਂਤੀ ਨੂੰ ਤਬਾਹ ਕਰ ਕੇ ਰੱਖ ਦਿੰਦੀਆਂ ਹਨ।

ਸੋ ਭਾਈ ਬਹਿਲੋ ਜੀ ਵੀ ਇਸੇ ਤਰ੍ਹਾਂ ਹੀ ਨਿਗਾਹੇ ਨੂੰ ਜਾਂਦੇ ਹੋਏ, ਅੰਮ੍ਰਿਤਸਰ ਦੇ ਕੋਲੋਂ ਦੀ ਲੰਘੇ, ਤਾਂ ਗੁਰੂ ਦਰਬਾਰ ਦੀਆਂ ਰੌਣਕਾਂ ਦੇਖ ਕੇ ਮੋਹੇ ਗਏ, ਕਿਥੇ ਸਖੀ ਸਰਵਰੀਆਂ ਦੀ ਪਾਰਟੀ ਦੇ ਆਗੂ ਬਣ ਕੇ ਜਾ ਰਹੇ ਸਨ, ਤੇ ਕਿਥੇ ਉਨ੍ਹਾਂ ਨੂੰ ਜਵਾਬ ਦੇ ਕੇ ਗੁਰੂ ਘਰ ਦੀ ਸ਼ਰਨ ਆ ਗਏ। ਸ਼ਰਨ ਆਉਂਦਿਆਂ ਹੀ ਐਸੀ ਕਲੇਜੇ ਨੂੰ ਠੰਡ ਪਈ, ਐਸੀ ਮਨ ਨੂੰ ਸ਼ਾਂਤੀ ਆਈ ਕਿ ਸੇਵਾ ਦੇ ਰੰਗ ਵਿਚ ਰੰਗੇ ਗਏ। ਉਸ ਸਮੇਂ ਸਰੋਵਰ ਅਤੇ ਪ੍ਰਕਰਮਾ ਦੀ ਸੇਵਾ ਹੋ ਰਹੀ ਸੀ। ਸੇਵਾ ਨੂੰ ਦੇਖ ਕੇ ਅਜਿਹਾ ਮਨ ਨੇ ਉਛਾਲਾ ਖਾਧਾ ਕਿ ਆਪਾ ਭੁੱਲ ਗਏ ਅਤੇ ਸੇਵਾ ਵਿਚ ਜੁੱਟ ਗਏ। ਅਜਿਹੇ ਪਿਆਰ, ਸਿਦਕ ਅਤੇ ਭੈ-ਭਾਵਨੀ ਨਾਲ ਸੇਵਾ ਕੀਤੀ, ਜਿਸ ਨੂੰ ਦੇਖ ਕੇ ਦੋ ਜਹਾਨ ਦੇ ਮਾਲਕ ਸਚੇ ਪਾਤਸ਼ਾਹ ਰੀਝ ਪਏ। ਗਲੇ ਨਾਲ ਲਾਇਆ। ਮਿਹਰਾਂ ਵਿਚ ਆਏ ਪਾਤਸਾਹ ਨੇ "ਭਾਈ ਬਹਿਲੋ ਸਭ ਤੋਂ ਪਹਿਲੋਂ" ਦੀ ਬਖਸ਼ਸ਼ ਕੀਤੀ। ਆਪ ਸਿੱਖੀ ਮੰਡਲ ਦੇ ਚਮਕਦੇ ਸਿਤਾਰੇ ਬਣੇ।

ਏਸੇ ਤਰ੍ਹਾਂ ਹੀ ਭਾਈ ਅਜਬ ਤੇ ਅਜਾਬ, ਡਰੌਲੀ ਭਾਈ (ਜ਼ਿਲਾ ਫਿਰੋਜ਼ਪੁਰ) ਦੇ ਵੀ, ਸਖੀ ਸਰਵਰੀਏ ਸਨ, ਉਹ ਵੀ ਅੰਮ੍ਰਿਤਸਰ ਦੇ ਕੋਲੋਂ ਲੰਘਦੇ ਹੀ, ਗੁਰੂ ਘਰ ਦੇ ਦਰਸ਼ਨ ਦੀਦਾਰੇ ਕਰਕੇ ਮੋਹੇ ਗਏ। ਸੇਵਾ ਕਰ ਕੇ ਇੰਨੇ ਨਿਹਾਲ ਹੋਏ ਕਿ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਨੂੰ ਆਪਣੇ ਇਲਾਕੇ (ਡਰੌਲੀ ਭਾਈ

ਕੀ) ਵਿਚ ਹੀ ਗੁਰ ਸਿੱਖੀ ਦੇ ਪ੍ਰਚਾਰਕ ਬਣਾ ਕੇ ਭੇਜ ਦਿੱਤਾ।

ਇਸੇ ਤਰ੍ਹਾਂ ਹੀ ਹੋਰ ਕਈ ਸਰਵਰੀਏ, ਗੁਰੂ ਘਰ ਦੇ ਅਨਿਨਜ ਸਿੱਖ ਬਣੇ, ਜਿਨ੍ਹਾਂ ਦਾ ਇਥੇ ਜ਼ਿਕਰ ਕਰਨ ਨਾਲ ਪੁਸਤਕ ਦੇ ਵੱਡੇ ਹੋ ਜਾਣ ਦਾ ਖਤਰਾ ਹੈ, ਪਰ ਇਹ ਨਮੂਨੇ ਮਾਤਰ ਕੁਝ ਲਿਖ ਦਿੱਤਾ ਹੈ।

੨.

ਭਾਈ ਮੰਝ ਜੀ ਦੀ ਵਾਰਤਾ ਵੀ ਅਲੌਕਿਕ ਹੈ। ਆਪ ਦੁਆਬੇ ਦੇ ਸਨ ਤੇ ਪਿੰਡ ਮੰਜੁਕੀ ਦੇ ਰਹਿਣ ਵਾਲੇ ਸਨ, ਪਹਿਲੇ ਇਨ੍ਹਾਂ ਦਾ ਨਾਮ ਤੀਰਥ ਕਰ ਕੇ ਪ੍ਰਸਿੱਧ ਸੀ। ਪਰ ਜਦੋਂ ਤੋਂ ਆਪ ਗੁਰੂ ਘਰ ਵਿਚ ਆਏ, ਆਪ ਦਾ ਨਾਮ ਪਿੰਡ ਦੇ ਨਾਮ ਤੋਂ 'ਭਾਈ ਮੰਝ' ਕਰਕੇ ਹੀ ਪ੍ਰਸਿੱਧ ਹੋਇਆ। ਆਪ ਸਖੀ ਸਰਵਰ ਦੇ ਵਡੇ ਉਪਾਸ਼ਕਾਂ ਵਿਚੋਂ ਸਨ। ਘਰ ਵਿਚ ਉਸ ਦੀ ਕਬਰ ਬਣਾ ਕੇ ਉਸ ਦੀ ਪੂਜਾ ਕਰਦੇ ਸਨ। ਆਪ ਦਾ ਪ੍ਰਵਾਰ ਤੇ ਸਾਰਾ ਪਿੰਡ ਹੀ ਸਖੀ ਸਰਵਰੀਆਂ ਦਾ ਸੀ। ਇਕ ਵੇਰਾਂ ਜਦ ਆਪ ਨਿਗਾਹੇ ਦੀ ਚੌਂਕੀ ਭਰਨ ਜਾ ਰਹੇ ਸਨ ਤੇ ਸੰਗ ਨਾਲ ਸ੍ਰੀ ਅੰਮ੍ਰਿਤਸਰ ਦੇ ਨੇੜੇ ਪੁਜੇ ਤਾਂ ਰਾਤ ਏਥੇ ਹੀ ਠਹਿਰ ਗਏ। ਅੰਮ੍ਰਿਤਸਰ ਵਿਚ ਵੀ ਸੰਗਤਾਂ ਦੀ ਆਵਾਜਾਈ ਤੇ ਵੱਡਾ ਇਕੱਠ ਹਰ ਵੇਲੇ ਰਹਿੰਦਾ ਸੀ। ਦੋ ਵੇਲੇ ਦੀਵਾਨ ਸਜਦੇ, ਕੀਰਤਨ ਹੁੰਦੇ ਤੇ ਫਿਰ ਗੁਰੂ ਉਪਦੇਸ਼ ਦੀ ਲਗਾਤਾਰ ਝੜੀ ਲੱਗੀ ਰਹਿੰਦੀ। ਮਨੁੱਖੀ ਜੀਵਨ ਦਾ ਅਸਲ ਮਨੋਰਥ ਕੀ ਹੈ ? ਮਨੁੱਖ ਨੂੰ ਕਿਸਦੀ ਪੂਜਾ ਤੇ ਪਾਠ ਕਰਨਾ ਚਾਹੀਦਾ ਹੈ, ਆਦਿ ਗੱਲਾਂ ਦਾ ਵਧੇਰੇ ਪ੍ਰਚਾਰ ਹੁੰਦਾ ਰਹਿੰਦਾ ਸੀ, ਕਿਉਂਕਿ ਲੋਕਾਈ ਦੇਖਾ ਦੇਖੀ ਦੇ ਵਹਿਮਾਂ ਤੇ ਫੋਕਟ ਕਰਮਾਂ ਵਿਚ ਪ੍ਰਵਿਰਤ ਹੁੰਦੀ ਜਾ ਰਹੀ ਸੀ, ਪਰ ਇਕ ਰੱਬ ਦੀ ਪੂਜਾ ਹੀ ਮਨੁੱਖ ਦਾ ਭਲਾ ਕਰ ਸਕਦੀ ਹੈ। ਤੇ ਪ੍ਰਭੂ ਪ੍ਰਮੇਸ਼ਰ ਦੇ ਸਿਮਰਨ ਨੇ ਹੀ ਮਨੁੱਖ ਦੀ ਕਲਿਆਣ ਕਰਨੀ ਹੈ-

ਆਸਾ ਮਹਲਾ ੫ ॥

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥੧॥
ਸਰੰਜਾਮਿ ਲਾਗੁ ਭਵਜਲ ਤਰਨ ਕੈ ॥
ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥

ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥
ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥
ਕਹੁ ਨਾਨਕ ਹਮ ਨੀਚ ਕਰੰਮਾ॥
ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥

"ਹੇ ਮਨੁੱਖ ! ਇਹ ਜੋ ਮਨੁੱਖਾ ਜਨਮ ਤੈਨੂੰ ਪ੍ਰਾਪਤ ਹੋਇਆ ਹੈ, ਇਹੋ ਹੀ ਈਸ਼ਵਰ ਨੂੰ ਮਿਲਣ ਤੇ ਪ੍ਰਾਪਤ ਕਰਨ ਦਾ ਠੀਕ ਸਮਾਂ ਹੈ। ਮਨੁੱਖ ਨੂੰ ਰੱਬ ਨੇ ਬੁੱਧੀ ਬਖਸ਼ੀ ਹੈ ਜਿਸ ਨਾਲ ਉਹ ਭਲੇ ਬੁਰੇ, ਸੱਚ ਝੂਠ ਤੇ ਹਾਨ ਲਾਭ ਨੂੰ ਚੰਗੀ ਤਰ੍ਹਾਂ ਵਿਚਾਰ ਸਕਦਾ ਹੈ, ਮਿੱਤਰ ਤੇ ਦੁਸ਼ਮਨ ਨੂੰ ਪਛਾਣ ਸਕਦਾ ਹੈ। ਇਸੇ ਮਨੁੱਖਾ ਜਨਮ ਵਿਚ ਹੀ ਮਨੁੱਖ ਰੱਬੀ ਅਸਥਾਨਾਂ ਤੇ ਜਾ ਸਕਦਾ ਹੈ ਹੋਰ ਕਿਸੇ ਜੂਨ ਵਿਚ ਪੈ ਕੇ ਨਾ ਸਾਰੀਆਂ ਥਾਵਾਂ ਤੇ ਜਾ ਸਕਦਾ ਹੈ, ਨਾ ਸਭ ਕੁਝ ਸਮਝ ਹੀ ਸਕਦਾ ਹੈ, ਇਸ ਲਈ ਹੇ ਮਨੁੱਖ! ਹੋਰ ਕੰਮਾਂ ਨੂੰ ਛੱਡ ਕੇ ਤੂੰ ਕੇਵਲ ਇਸੇ ਕੰਮ (ਪ੍ਰਭੂ ਨੂੰ ਪ੍ਰਾਪਤ ਕਰਨ ਤੇ ਮਿਲਣ) ਵਿਚ ਲੱਗ, ਹੋਰ ਕੰਮ ਕਿਸੇ ਵੀ ਅਰਥ ਨਹੀਂ ਹਨ।

ਹੱਛਾ ਜੇ ਤੈਨੂੰ ਕੋਈ ਰੁਕਾਵਟ ਹੈ, ਇਕੱਲੇ ਤੈਨੂੰ ਕਿਸੇ ਗੱਲ ਦੀ ਸਮਝ ਨਹੀਂ ਪੈਂਦੀ, ਤਾਂ ਪ੍ਰਭੂ ਦੇ ਪਿਆਰਿਆਂ (ਸਾਧਾਂ) ਦੀ ਸੰਗਤ ਕਰ ਤੇ ਕੇਵਲ ਇਕ ਨਾਮ ਹੀ ਜਪ। ਐਸੀਆਂ ਸੁਸਾਇਟੀਆਂ ਤੇ ਸੰਗਤਾਂ ਵਿਚ ਨਾ ਜਾਈਂ, ਜੋ ਤੈਨੂੰ ਨਾਮ ਤੇ ਕੇਵਲ ਨਾਮ ਜਪਣ ਦੀ ਪ੍ਰੇਰਣਾ ਨਾ ਦੇਣ। ਸੋ ਤੂੰ ਇਸੇ ਯਤਨ ਵਿਚ ਲੱਗ ਜਾ ਕਿ ਨਾਮ ਦੇ ਸਹਾਰੇ ਹੋ ਕੇ, ਨਾਮ ਰੂਪੀ ਬੇੜੀ ਤੇ ਸਵਾਰ ਹੋ ਕੇ, ਇਸ ਸੰਸਾਰ ਭਵਜਲ ਨੂੰ ਤਰਨਾ ਹੈ। ਸੰਸਾਰ ਵਿਚ ਦੁੱਖਾਂ ਤੇ ਸੁੱਖਾਂ ਦੇ ਘੁੰਮਣ ਘੇਰ ਹਨ ਤੇ ਮਾਇਆ ਦੀ ਜਕੜ, ਮਾਇਆ ਦੇ ਰੰਗ ਤਮਾਸ਼ੇ, ਸਭ ਨੂੰ ਇਸ ਸੰਸਾਰ ਵਿਚ ਦੁੱਖਾਂ ਸੁੱਖਾਂ ਦੇ ਗੇੜ ਵਿਚ ਫਸਾ ਰਹੇ ਹਨ। ਕਿਸੇ ਨੂੰ ਬਹੁਤੀ ਦਾ ਅਫਰੇਵਾਂ, ਕਿਸੇ ਨੂੰ ਥੋੜੀ ਦਾ ਅਕੇਵਾਂ, ਮਾਣ ਤੇ ਹੰਕਾਰ ਆਦਿ ਸਭ ਮਾਇਆ ਦੇ ਰੰਗ ਹਨ, ਹੇ ਮਨੁੱਖ! ਤੂੰ ਇਸ ਤੋਂ ਬਚ ਕੇ, ਆਪਣੇ ਅਸਲ ਰਸਤੇ ਵਲ ਤੁਰੀ ਜਾ, ਬੱਸ ਅਸਲ ਰਸਤੇ ਤੇ ਤੁਰਨਾ ਲੋਭ ਲਾਲਚ, ਨਿੰਦਾ, ਚੁਗਲੀ ਤੇ ਹੋਰ ਅਸੁਰੀ ਗੁਣਾਂ ਤੋਂ ਬਚ ਕੇ ਚਲਣਾ ਹੀ ਸੰਸਾਰ ਭਵਜਲ ਤੋਂ ਪਾਰ ਹੋਣਾ ਹੈ। ਨਹੀਂ ਤੇ ਯਾਦ ਰਖ, ਇਸ ਮਾਇਆ ਦੇ ਰੰਗ ਵਿਚ ਫਸ ਕੇ ਮਨੁੱਖ ਆਪਣੇ ਇਸ ਅਮੋਲਕ ਜੀਵਨ ਨੂੰ, ਜੋ ਲੱਖਾਂ ਤੇ ਕਰੋੜਾਂ ਤੋਂ ਵੀ ਨਹੀਂ ਮਿਲ ਸਕਦਾ, ਤਬਾਹ ਤੇ ਬਰਬਾਦ ਕਰੀ ਜਾ ਰਹੇ ਹਨ।

ਸਤਿਗੁਰੂ ਜੀ ਤਰੀਕਾ ਦੱਸਦੇ ਹਨ, ਕਿ ਜੇ ਤੁਸੀਂ ਬੇਵੱਸ ਹੋ, ਤੁਸੀਂ ਆਪਣੇ ਆਪ ਤੇ ਕੰਟਰੋਲ ਕਰਕੇ ਆਪਣੇ ਆਪ ਨੂੰ ਅਸਲੀ ਰਸਤੇ ਤੇ ਨਹੀਂ ਤੋਰ ਸਕਦੇ, ਤਾਂ ਘਟੋ ਘਟ ਇਹ ਤਾਂ ਕਰੋ, ਕਿ ਉਸ ਪ੍ਰਭੂ ਅੱਗੇ ਪ੍ਰਾਰਥਨਾ ਹੀ ਕਰੋ, ਕਿ ਉਹ ਤੁਹਾਨੂੰ ਬਚਾਵੇ। ਜਿਨ੍ਹਾਂ ਗੁਣਾਂ—ਜਪ, ਤਪ, ਸੰਜਮ, ਧਰਮ ਆਦਿਕ ਜਿਨ੍ਹਾਂ ਨੂੰ ਇਸ ਮਨੁੱਖਾ ਜਨਮ ਵਿਚ ਕਮਾਉਣਾ ਸੀ, ਪਰ ਇਹ ਕਮਾਏ ਨਹੀਂ ਗਏ- ਨਾ ਸੇਵਾ ਕਰਕੇ ਕਿਸੇ ਦੀ ਖੁਸ਼ੀ ਜਾਂ ਅਸੀਸ ਹੀ ਪ੍ਰਾਪਤ ਕੀਤੀ ਹੈ, ਨਾ ਇਹ ਯਤਨ ਕੀਤਾ ਹੈ ਕਿ ਕਿਸੇ ਤੇਰੇ ਪਿਆਰੇ (ਸਾਧ-ਸੰਤ) ਦੀ ਸੰਗਤ ਹੀ ਕੀਤੀ ਹੈ। ਹੇ ਹਰੀ-ਰਾਏ (ਪ੍ਰਭੂ ਪ੍ਰਮੇਸ਼ਰ) ਮੈਂ ਕਿਸੇ ਅਜਿਹੇ ਨੇਕ ਗੁਣ ਨੂੰ ਕਮਾਉਣ ਜਾਂ ਜਾਨਣ ਦਾ ਯਤਨ ਨਹੀਂ ਕੀਤਾ, ਤੇ ਉਮਰ ਗੁਆਚ (ਬਤੀਤ) ਗਈ ਹੈ। ਹੁਣ ਕੀ ਹੋ ਸਕਦਾ ਹੈ, ਹੁਣ ਤਾਂ ਤੇਰਾ ਹੀ ਆਸਰਾ ਹੈ, ਤੇਰਾ ਹੀ ਸਹਾਰਾ ਹੈ-ਕਿਉਂਕਿ ਸਾਡੇ ਕੰਮ-ਕਾਰ ਏਨੇ ਨੀਵੇਂ ਹਨ ਕਿ ਉਹ ਤਾਂ ਸਾਨੂੰ ਡੋਬ ਦੇਣ ਵਾਲੇ ਹੀ ਹਨ, ਹੇ ਪ੍ਰਭੂ ਜੀਉ! ਮੈਂ ਤੇਰੀ ਸ਼ਰਣ ਹਾਂ ਹੁਣ ਤੂੰ ਸ਼ਰਣ ਪਏ ਦੀ ਲੱਜਿਆ ਰੱਖ, ਤੇ ਉਬਾਰ ਲੈ।

ਹੇ ਪ੍ਰਭੂ! ਤੂੰ ਸ਼ਰਣ ਪਿਆਂ ਦੀ, ਭਾਵੇਂ ਉਹ ਕਿੰਨੇ ਵੀ ਪਾਪੀ ਹੋਏ, ਅਕ੍ਰਿਤਘਣ ਹੋਏ ਜਾਂ ਗਿਰੇ ਹੋਏ ਜੀਵਨ ਵਾਲੇ ਹੋਏ, ਪਰ ਜਦ ਉਹ ਤੇਰੀ ਸ਼ਰਣ ਆ ਕੇ ਬੇਨਤੀ ਕਰਨ ਲੱਗੇ ਹੋਰ ਆਸਰਿਆਂ ਤੋਂ ਨਿਰਾਸ ਹੋ ਗਏ, ਤਾਂ ਤੂੰ ਉਨ੍ਹਾਂ ਦੀ ਪੈਜ ਰੱਖੀ ਹੈ, ਰਖਿਆ ਕੀਤੀ ਹੈ, ਤੇ ਸੰਸਾਰ ਭਵਜਲ ਤੋਂ ਪਾਰ ਕੀਤਾ ਹੈ, ਇਸ ਲਈ ਮੇਰੇ ਨਿਰਗੁਣ ਤੇ ਵੀ ਕੋਈ ਉਪਕਾਰ ਕਰੋ, ਮਾਇਆ ਦੇ ਰੰਗਾਂ ਤੋਂ ਆਪ ਹੀ ਬਚਾਉ ਜੀ, ਕਿਉਂਕਿ ਬਿਨਾਂ ਤੁਸਾਂ ਦੀ ਸਹਾਇਤਾ ਦੇ ਹੁਣ ਮੈਨੂੰ ਬਚਾਉਣ ਵਾਲਾ ਕੋਈ ਨਹੀਂ ਹੈ।

ਐਸੇ ਸੁੰਦਰ ਉਪਦੇਸ਼ਾਂ ਦੇ ਅੰਮ੍ਰਿਤਮਈ ਵਚਨਾਂ ਦੀ ਹਰਿਮੰਦਰ, ਅੰਮ੍ਰਿਤ ਸਰੋਵਰ ਦੇ ਆਲੇ ਦੁਆਲੇ ਸਾਰੇ ਹੀ ਅੰਮ੍ਰਿਤ ਵਰਸ਼ਾ ਹੋ ਰਹੀ ਹੈ, ਜਿਸ ਨਾਲ ਤਪਦੇ ਮਨ ਨੂੰ ਵੀ ਸ਼ਾਂਤੀ ਪ੍ਰਾਪਤ ਹੋ ਰਹੀ ਹੈ, ਪ੍ਰਭੂ ਭਗਤੀ ਤੇ ਪ੍ਰਮੇਸ਼ਰ ਦੀ ਪ੍ਰੀਤੀ ਦੀ ਅਥਾਹ ਲਹਿਰ ਪੈਦਾ ਹੋ ਜਾਂਦੀ ਸੀ, ਦੂਈ ਦਵੈਸ਼ ਨੂੰ ਇਹ ਅੰਮ੍ਰਿਤ ਵਰਸ਼ਾ ਸਾਫ਼ ਤੇ ਸ਼ੁਧ ਕਰਕੇ ਰੱਖ ਦੇਂਦੀ ਸੀ ਕਿਉਂਕਿ ਪੂਰੇ ਗੁਰੂ ਦੀ ਪਾਵਨ ਕਥਨੀ ਵਿੱਚ ਵੱਡੀਆਂ ਬਰਕਤਾਂ ਸਨ। ਇਹੀ ਕਾਰਨ ਸੀ ਕਿ ਦੁਨੀਆਂ ਦੂਰ ਦੂਰ ਤੋਂ ਖਿਚੀ ਹੋਈ ਗੁਰੂ ਕੇ ਚੱਕ ਨੂੰ ਆ ਰਹੀ ਸੀ।

ਪ੍ਰਭੂ-ਮਿਲਾਪ ਦੀ ਤਾਂਘ

੩.

ਭਾਈ ਮੰਝ ਜੀ ਨੇ ਇਹ ਸਾਰੀ ਵਾਰਤਾ ਸੁਣੀ ਤੇ ਸਿੱਖਾਂ ਨੂੰ ਉਪਦੇਸ਼ ਮਿਲਦਾ ਹੋਇਆ ਦੇਖਿਆ। ਰਾਤ ਉਨ੍ਹਾਂ ਨੇ ਅੰਮ੍ਰਿਤਸਰ ਦੇ ਨੇੜੇ ਹੀ ਡੇਰਾ ਕੀਤਾ ਸੀ ਤੇ ਉਹ ਡੇਰੇ ਵਿਚੋਂ ਨਿਕਲ ਕੇ ਸੰਧਿਆ ਕੁ ਵੇਲੇ ਸ੍ਰੀ ਅੰਮ੍ਰਿਤਸਰ (ਗੁਰੂ ਕੇ ਚੱਕ) ਪੁਜਾ ਸੀ। ਉਸ ਨੇ ਦੇਖਿਆ ਕਿ ਸੇਵਾ ਭਾਵ ਤੇ ਪ੍ਰਭੂ ਪ੍ਰੇਮ ਦੇ ਰੰਗ ਵਿਚ ਭਿੱਜੇ ਹੋਏ ਹਰ ਇਕ ਨੂੰ ਜੀ-ਜੀ ਕਰਕੇ ਬੋਲਦੇ ਤੇ ਸਤਿਕਾਰ ਨਾਲ ਪੇਸ਼ ਆਉਂਦੇ ਹਨ। ਉਸਨੇ ਇਕ ਸਿੱਖ ਨੂੰ ਪੁੱਛਿਆ, "ਇਸ ਥਾਂ ਕਿਸ ਦਾ ਅਸਥਾਨ ਹੈ ?"

"ਇਹ ਥਾਂ ਤੇ ਨਗਰ ਗੁਰੂ ਰਾਮਦਾਸ ਜੀ ਨੇ ਵਸਾਇਆ ਹੈ, ਪਰ ਹੁਣ ਗੁਰੂ ਅਰਜਨ ਦੇਵ ਜੀ (ਪੰਜਵੇਂ ਗੁਰੂ ਨਾਨਕ) ਸਰੋਵਰ ਤੇ ਹਰਿਮੰਦਰ ਦੀ ਸੇਵਾ ਕਰਾ ਰਹੇ ਹਨ।" ਸਿੱਖ ਨੇ ਇਹ ਕਹਿਕੇ ਭਾਈ ਮੰਝ ਜੀ ਤੋਂ ਪੁਛਿਆ, "ਤੁਸੀਂ ਕਿਥੋਂ ਆਏ ਹੋ ?"

"ਮੈਂ ਦੁਆਬੇ ਤੋਂ ਆਇਆ ਹਾਂ।"

"ਕਿਧਰ ਜਾਣਾ ਹੈ ?"

"ਮੈਂ ਸਖੀ ਸਰਵਰੀਆ ਹਾਂ ਤੇ ਨਿਗਾਹੇ ਜਾ ਰਿਹਾ ਹਾਂ।"

"ਘਰ ਵਿਚ ਤੁਸਾਂ ਕਬਰ ਵੀ ਬਣਾਈ ਹੋਵੇਗੀ।"

"ਹਾਂ।"

"ਫਿਰ ਤਾਂ ਰੱਬ ਤੋਂ ਬੜੀ ਦੂਰ ਹੋ, ਹਨੇਰੇ ਵਿਚ ਹੋ।"

"ਇਥੇ ਕੀ ਹੁੰਦਾ ਹੈ।"

"ਇਥੇ ਤਾਂ ਨਿਰੋਲ ਰੱਬ ਦੀ ਪੂਜਾ ਹੁੰਦੀ ਹੈ। ਰੱਬ ਹੀ ਸਭ ਦਾ ਕਰਨਹਾਰ ਤੇ ਪਾਲਣਹਾਰ ਹੈ। ਜੋ ਵੀ ਦੁਨੀਆਂ ਤੇ ਪੈਦਾ ਹੋਇਆ ਹੈ ਸਭ ਦੇ ਪੈਦਾ ਕਰਨ

ਵਾਲਾ ਤੇ ਉਨ੍ਹਾਂ ਨੂੰ ਸ਼ਕਤੀ ਦੇਣ ਵਾਲਾ ਤਾਂ ਇਕੋ ਪ੍ਰਭੂ ਹੀ ਹੈ ਜੇ ਜੜ੍ਹ ਨੂੰ ਪਾਣੀ ਨਾ ਦੇਈਏ ਜਾਂ ਨਿਰੇ ਪੱਤਿਆਂ ਤੇ ਹੀ ਪਾਣੀ ਛਿਣਕੀ ਜਾਈਏ ਤਾਂ ਕੀ ਉਹ ਰੁੱਖ ਹਰਿਆ ਰਹੇਗਾ ?"

"ਨਹੀਂ।"

"ਇਸੇ ਤਰ੍ਹਾਂ ਹੀ ਜੀਵ ਹੈ, ਇਹ ਪ੍ਰਭੂ ਦੀ ਅੰਸ਼ ਹੈ, ਕੀ ਇਹ ਪ੍ਰਭੂ ਤੋਂ ਟੁਟ ਕੇ ਜੇ ਕਿਸੇ ਹੋਰ ਦੀ ਪੂਜਾ ਕਰੇਗਾ, ਤਾਂ ਹਰਿਆ ਭਰਿਆ ਰਹਿ ਸਕੇਗਾ। ਇਹ ਪੀਰ ਦੇਵੀ ਦੇਵਤੇ ਜਾਂ ਹੋਰ ਮਹਾਂਪੁਰਸ਼ ਜੋ ਵੀ ਹੋਏ ਹਨ, ਸਭ ਉਸ ਪ੍ਰਭੂ ਦੀ ਕ੍ਰਿਤ, ਭਾਵ ਪੱਤੇ ਪੱਤੀਆਂ ਦੀ ਨਿਆਈਂ ਹਨ। ਸੋ ਉਨ੍ਹਾਂ ਦੀ ਪੂਜਾ ਵੀ ਤਾਂ ਪੱਤੇ ਪੱਤੀਆਂ ਉਤੇ ਪਾਣੀ ਪਾਉਣ ਵਾਂਗ ਨਿਰਾਰਥ ਹੀ ਜਾਣੀ ਹੈ, ਇਹ ਕਿਸੇ ਲੇਖੇ ਨਹੀਂ ਆਉਣੀ।"

"ਪਰ ਇਹ ਗਿਆਨ ਤੁਹਾਨੂੰ ਕਿਥੋਂ ਪ੍ਰਾਪਤ ਹੋਇਆ ?"

"ਏਥੋਂ ਹੀ।" ਸਿੱਖ ਨੇ ਕਿਹਾ।

"ਸਿੱਖ ਕਿਵੇਂ ਬਣੀਦਾ ਹੈ ?"

"ਗੁਰੂ ਜੀ ਨੂੰ ਬੇਨਤੀ ਕਰੋ, ਉਹ ਸਿੱਖ ਬਣਾ ਲੈਣਗੇ।"

"ਹੋਰ ਕੋਈ ਸ਼ਰਤ ਵੀ ਹੈ ?"

"ਸ਼ਰਤ ਤਾਂ ਫੇਰ ਉਹੀ ਦਸਣਗੇ। ਮਹਾਰਾਜ ਆਪ ਭਾਣੇ ਦੇ ਮਾਲਕ ਹਨ ਜਿਵੇਂ ਚਾਹੁੰਦੇ ਹਨ, ਉਵੇਂ ਹੀ ਕਹਿ ਦਿੰਦੇ ਹਨ, ਕਿਸੇ ਨੂੰ ਪਾਣੀ ਦੀ ਸੇਵਾ, ਕਿਸੇ ਨੂੰ ਬਾਲਣ (ਲੱਕੜਾਂ) ਆਦਿ ਲਿਆਉਣ ਦੀ ਸੇਵਾ, ਕਿਸੇ ਨੂੰ ਪੱਖਾ, ਕਿਸੇ ਨੂੰ ਝਾੜੂ, ਕਿਸੇ ਨੂੰ ਸੰਗਤਾਂ ਦੇ ਜੋੜੇ ਆਦਿ ਸਾਂਭਣ, ਜਿਸ ਸੇਵਾ ਦੀ ਲੋੜ ਹੋਵੇ, ਉਸ ਤੇ ਲਾ ਦਿੰਦੇ ਹਨ, ਬਾਕੀ ਜੀਵ ਦੀ ਹਾਲਤ ਤੇ ਉਸਦੀ ਲੋੜ ਅਨੁਸਾਰ, ਸਤਿਗੁਰੂ ਅੰਤਰਯਾਮੀ ਜੋ ਚਾਹੁੰਦੇ ਹਨ ਉਹੀ ਕਰਾਉਂਦੇ ਹਨ।

"ਮੈਂ ਸਰਵਰੀਆ ਹਾਂ, ਮੈਨੂੰ ਸਿੱਖ ਬਣਾ ਲੈਣਗੇ ?"

"ਪੁਛ ਲਓ।"

ਚੰਗਾ ਸਵੇਰੇ ਦੀਵਾਨ ਵਿਚ ਹਾਜ਼ਰ ਹੋਵਾਂਗਾ, ਹੁਣ ਸਾਥੀਆਂ ਕੋਲ ਰਾਤ ਕੱਟ ਆਵਾਂ, ਸਵੇਰੇ ਉਨ੍ਹਾਂ ਨੇ ਚਲੇ ਜਾਣਾ ਹੈ, ਮੈਂ ਉਨ੍ਹਾਂ ਨਾਲ ਨਹੀਂ ਜਾਵਾਂਗਾ, ਤੇ ਇਧਰ ਆ ਜਾਵਾਂਗਾ।" ਇਹ ਕਹਿਕੇ ਭਾਈ ਮੰਝ ਚਲਾ ਗਿਆ।

ਰਾਤ ਭਾਈ ਮੰਝ ਜੀ ਨੇ ਆਪਣੇ ਸਾਥੀਆਂ ਨਾਲ ਕੱਟੀ, ਪਰ ਦਿਲ ਦਾ

ਕੋਈ ਸੰਕਲਪ ਉਨ੍ਹਾਂ ਦੇ ਸਾਹਮਣੇ ਜ਼ਾਹਰ ਨਹੀਂ ਕੀਤਾ, ਪਰ ਜਦ ਦਿਨ ਚੜ੍ਹਿਆ ਸਾਰੇ ਸਾਥੀ ਤੁਰਨ ਲੱਗੇ ਤਾਂ ਆਪ ਨੇ ਕਿਹਾ, ਬੱਸ ਬਈ ਮਿੱਤਰੋ ! ਮੈਂ ਹੁਣ ਤੁਹਾਡੇ ਨਾਲ ਨਹੀਂ ਜਾਣਾ।"

"ਕਿਉਂ ?"

"ਹੁਣ ਮੈਨੂੰ ਸਮਝ ਆ ਗਈ ਹੈ।"

"ਕਿਸ ਗੱਲ ਦੀ ?"

"ਮੈਂ ਅੰਧੇਰੇ ਵਿਚ ਟੱਕਰਾਂ ਮਾਰ ਰਿਹਾ ਹਾਂ ।"

"ਕੀ ਗੱਲ ਹੋ ਗਈ ?"

"ਬੱਸ, ਤੁਸੀਂ ਜਾਉ, ਤੇ ਮੈਂ ਵੀ ਚੱਲਿਆ ਹਾਂ ।"

"ਕਿਧਰ ?"

"ਅੰਮ੍ਰਿਤਸਰ ।"

"ਨਹੀਂ ਤੈਨੂੰ ਸਾਡੇ ਨਾਲ ਜਾਣਾ ਪਵੇਗਾ ।"

ਪਰ ਭਾਈ ਮੰਝ ਜੀ ਨੇ ਇਕ ਨਾ ਮੰਨੀ ਤੇ ਉਠ ਕੇ ਅੰਮ੍ਰਿਤਸਰ ਨੂੰ ਤੁਰ ਆਇਆ ।

ਭਾਈ ਮੰਝ ਜੀ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ, ਪਰ ਦੂਰੋਂ ਹੀ ਕੀਰਤਨ ਸੁਣਿਆ, ਫੇਰ ਗੁਰੂ ਸਾਹਿਬ ਜੀ ਦੇ ਉਪਦੇਸ਼ ਨੂੰ ਵੀ ਸੁਣਿਆ। ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਸਾਹਿਬ, ਗੁਰੂ ਰਾਮਦਾਸ ਜੀ ਦਾ ਨਾਮ ਵੀ ਸੁਣਿਆ ਤੇ ਹੌਲੀ ਹੌਲੀ ਸਿੱਖੀ ਦੇ ਸਿਧਾਂਤ ਨੂੰ ਸਮਝਣ ਦਾ ਯਤਨ ਕਰਨ ਲੱਗ ਪਿਆ। ਸੇਵਾ ਤੇ ਸੇਵਾ-ਭਾਵ ਨੇ ਉਸਦੇ ਮਨ ਨੂੰ ਮੋਹ ਲਿਆ। ਪੰਗਤ ਵਿਚ ਬੈਠ ਕੇ ਲੰਗਰ ਛਕਿਆ ਤੇ ਫੇਰ ਕੁਝ ਸੇਵਾ ਵੀ ਕੀਤੀ।

ਗੁਰੂ ਸਾਹਿਬ ਤੋਂ ਸਿੱਖੀ ਦੀ ਮੰਗ ਕਰਨ ਲਈ ਮਨ ਵਿਚ ਪੱਕੀ ਧਾਰਨਾ ਧਾਰ ਲਈ, ਪਰ ਕਿਵੇਂ ਮੰਗਾਂ, ਕਿਵੇਂ ਆਖਾਂ, ਇਹ ਗੱਲਾਂ ਸੋਚਦਿਆਂ ਹੀ ਅੱਜ ਦਾ ਦਿਨ ਬੀਤ ਗਿਆ ਪਰ ਸਤਸੰਗ ਤੇ ਸੇਵਾ ਦਾ ਪੂਰਾ ਆਨੰਦ ਲੈਣ ਲਗ ਪਿਆ। ਸਾਰਾ ਦਿਨ ਹੀ, ਕੁਝ ਸੇਵਾ ਵਿਚ ਤੇ ਕੁਝ ਸਤਸੰਗ ਵਿਚ ਗੁਜ਼ਾਰ ਦਿੱਤਾ ।

ਸ਼ਾਮ ਦੇ ਦੀਵਾਨ ਤੋਂ ਬਾਅਦ ਜਦ ਗੁਰੂ ਜੀ ਮਹਿਲਾਂ ਨੂੰ ਚਲੇ ਗਏ ਤਾਂ ਭਾਈ ਮੰਝ ਜੀ ਨੇ ਫਿਰ ਇਕ ਸਿੱਖ ਨੂੰ ਪੁੱਛਿਆ, "ਮੈਂ ਸਿੱਖ ਬਣਨਾ ਹੈ, ਮੇਰੇ

ਮਨ ਵਿਚ ਬੜੀ ਸੱਧਰ ਪੈਦਾ ਹੋ ਗਈ ਹੈ, ਪਰ ਕਿਵੇਂ ਬਣਾਂ, ਇਸ ਬਾਰੇ ਮੈਨੂੰ ਕੁਝ ਸਮਝਾਉ।"

"ਸਵੇਰੇ, ਆਸਾ ਦੀ ਵਾਰ ਦੇ ਭੋਗ ਮਗਰੋਂ ਜਦ ਗੁਰੂ ਸਾਹਿਬ ਖੁਲ੍ਹੇ ਦੀਵਾਨ ਵਿਚ ਬੈਠਣਗੇ, ਤਾਂ ਉਸ ਵੇਲੇ ਅਗੇ ਵਧੀਂ, ਹੱਥ ਜੋੜੀਂ ਤੇ ਬੜੇ ਅਦਬ ਨਾਲ ਬੇਨਤੀ ਕਰੀਂ ਕਿ ਮੈਨੂੰ ਸਿੱਖ ਬਣਾਉ।"

ਸਿੱਖ ਨੇ ਹੋਰ ਵੀ ਗੱਲਾਂ ਦੱਸੀਆਂ ਤੇ ਭਾਈ ਮੰਝ ਜੀ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ।

ਭਾਈ ਮੰਝ ਜੀ ਨੂੰ ਵੇਖ ਵੇਖ ਕੇ ਹੀ ਰੰਗ ਚੜ੍ਹ ਰਿਹਾ ਸੀ, ਸਿੱਖਾਂ ਨੂੰ ਗੁਰਬਾਣੀ ਪੜ੍ਹਦੇ ਵੇਖ, ਤੇ ਕਈ ਥਾਂ ਗੁਰਬਾਣੀ ਦੇ ਭੇਦਾਂ ਨੂੰ ਇਕ ਦੂਜੇ ਨੂੰ ਸਮਝਾਉਂਦੇ ਤੇ ਸਮਝਦੇ ਵੀ ਦੇਖਿਆ ਉਹ ਸਾਰੀ ਪ੍ਰਕਰਮਾ ਵਿਚ ਇਹੋ ਕੁਝ ਵੇਖਦਾ ਫਿਰਿਆ ਕਿ ਜਿਹੜੇ ਸਿੱਖ ਬਾਹਰੋਂ ਆਏ ਹਨ ਤੇ ਪ੍ਰਕਰਮਾ ਵਿਚ ਹੀ ਆਰਾਮ ਕਰਨ ਲਈ ਤੇ ਰਾਤ ਬਿਤਾਣ ਲਈ ਲੇਟੇ ਜਾਂ ਬੈਠੇ ਹੋਏ ਹਨ, ਉਹ ਕਿਸ ਕਿਸਮ ਦੀਆਂ ਗੱਲਾਂ ਕਰ ਰਹੇ ਹਨ, ਪਰ ਉਹ ਵੇਖ ਕੇ ਹੈਰਾਨ ਰਹਿ ਗਿਆ ਕਿ ਬਹੁਤੇ ਸਿੱਖ ਗੁਰਬਾਣੀ ਦੇ ਪਾਠ, ਗੁਰ ਸਾਖੀਆਂ ਨੂੰ ਸੁਣਨ ਤੇ ਸੁਣਾਉਣ ਤੇ ਸਿੱਖੀ ਦੀ ਮਹਿਮਾ ਹੀ ਕਰਦੇ ਉਸ ਨੇ ਦੇਖੇ। ਇਕ ਸਿੱਖ ਕੋਲੋਂ ਇਹ ਸ਼ਬਦ ਸੁਣ ਕੇ ਤਾਂ ਉਸ ਦੇ ਮਨ ਵਿਚ ਪ੍ਰੇਮ ਦਾ ਸਮੁੰਦਰ ਉਛਾਲੇ ਮਾਰਨ ਲੱਗ ਪਿਆ ਕਿ ਐਸੀ ਸੁੰਦਰ ਗੁਰੂ ਸਾਹਿਬਾਂ ਦੀ ਰਚਨਾ ਹੈ। ਕਿਵੇਂ ਈਸ਼ਵਰ ਦੀ ਹੋਂਦ ਦਾ ਵੀ ਅਹਿਸਾਸ ਕਰਾਇਆ ਹੈ ਤੇ ਆਪਣਾ ਵੀ ਪ੍ਰੇਮ ਪ੍ਰਗਟ ਕੀਤਾ ਹੈ :-

ਸੋਰਠਿ ਮਹਲਾ ੫ ਘਰੁ ੨ ਚਉਪਦੇ

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰਹਾਈ ॥
ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ
ਦੇਹੁ ਦਿਖਾਈ ॥੧॥ ਸੁਣਿ ਮੀਤਾ ਧੂਰੀ ਕਉ ਬਲਿ ਜਾਈ ॥
ਇਹੁ ਮਨੁ ਤੇਰਾ ਭਾਈ ॥ ਰਹਾਉ ॥ ਪਾਵ ਮਲੋਵਾ ਮਲਿ
ਮਲਿ ਧੋਵਾ ਇਹੁ ਮਨੁ ਤੈ ਕੂ ਦੇਸਾ ॥ ਸੁਣਿ ਮੀਤਾ ਹਉ
ਤੇਰੀ ਸਰਣਾਈ ਆਇਆ ਪ੍ਰਭ ਮਿਲਉ ਦੇਹੁ ਉਪਦੇਸਾ ॥੨॥
ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ ॥
ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ ਇਉ ਦਰਸਨੁ

ਹਰਿ ਜੀਉ ਪਾਈਐ ॥੩॥ ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ
ਕੈ ਹਰਿਨਾਮਾ ਹੈ ਮੀਠਾ ॥ ਜਨ ਨਾਨਕ ਕਉ ਗੁਰਿ ਕਿਰਪਾ
ਧਾਰੀ ਸਭੁ ਅਕੁਲ ਨਿਰੰਜਨੁ ਡੀਠਾ ॥੪॥੧॥੧੨॥

ਭਾਵ :– ਅਸਾਂ ਸਾਰਿਆਂ ਦਾ ਇਕੋ ਪਿਤਾ ਹੈ ਜਿਸ ਦੀ ਅਸੀਂ ਸਾਰੇ ਅੰਸ਼ ਹਾਂ, ਪੁਤਰ ਹਾਂ ਹੇ ਮੇਰੇ ਪ੍ਰਭੂ ਪਿਤਾ ਤੂੰ ਮੇਰਾ ਗੁਰੂ ਹੈਂ ਤੇ ਤੂੰ ਹੀ ਮੇਰੇ ਮਨ ਦਾ ਅੰਧਕਾਰ ਨਵਿਰਤ ਕਰਨ ਵਾਲਾ ਹੈਂ। ਹੇ ਮੇਰੇ ਸਚੇ ਸਤਸੰਗੀ ਮਿਤਰ ਜੀਓ! ਮੇਰਾ ਤਨ ਮਨ ਤੈਥੋਂ ਕੁਰਬਾਨ ਜਾਏਗਾ ਜੇ ਮੈਨੂੰ ਕਿਰਪਾ ਕਰ ਕੇ ਹਰੀ ਦੇ ਦਰਸ਼ਨ ਕਰਾ ਦਿਓ। ਮੇਰੇ ਮਿੱਤਰਾ, ਸੁਣੀਂ, ਮੈਂ ਤਾਂ ਤੇਰੀ ਚਰਨ ਧੂੜ ਤੋਂ ਸਦਕੇ ਜਾਂਦਾ ਹਾਂ, ਇਹ ਮਨ ਤੇਰਾ ਹੈ ਭਾਈ! ਮੈਂ ਤੇਰੇ ਚਰਨਾਂ ਨੂੰ ਮਲਾਂਗਾ, ਮਲ ਕੇ ਧੋਵਾਂਗਾ, ਇਹ ਮਨ ਮੈਂ ਤੇਰੇ ਹਵਾਲੇ ਕਰ ਦਿਆਂਗਾ। ਸੁਣੀਂ ਸੁਣੀਂ ਮਿਤਰਾ! ਮੈਂ ਤੇਰੀ ਸ਼ਰਨ ਆਇਆ ਹਾਂ, ਐਸਾ ਉਪਦੇਸ਼ ਦੇਹ ਜਿਸ ਕਰਕੇ ਮੈਂ ਹਰੀ ਪ੍ਰਭੂ ਨੂੰ ਮਿਲ ਪਵਾਂ। ਜਵਾਬ ਮਿਲਦਾ ਹੈ ਕਿ ਹੇ ਅਭਿਲਾਸ਼ੀ ਮਿਤਰਾ, ਜੇ ਇਹ ਕੁਝ ਚਾਹੁੰਨਾ ਹੈਂ ਤਾਂ ਅਪਣਤ ਛੱਡ ਦੇਹ। ਮਾਨ ਨਾ ਕਰੀਂ ਤੇ ਸਤਿਗੁਰੂ ਦੀ ਸ਼ਰਨ ਪਕੜੀਂ ਜੋ ਹਰੀ ਕਰੇ ਉਸ ਨੂੰ ਭਲਾ ਕਰਕੇ ਮੰਨੀਂ ਜਿੰਦ, ਸਰੀਰ ਤੇ ਦੇਹ ਸਭ ਕੁਝ ਅਰਪਨ ਕਰ ਦੇਈਂ, ਇਉਂ ਹਰੀ ਜੀ ਦਾ ਦਰਸ਼ਨ ਪਾਵੇਂਗਾ। ਸ੍ਰੀ ਗੁਰੂ ਅਰਜਨ ਦੇਵ ਜੀ, ਫੁਰਮਾਉਂਦੇ ਹਨ, ਕਿ ਇਉਂ ਸੰਤਾਂ ਦੀ ਕਿਰਪਾ ਨਾਲ ਮੇਰੇ ਤੇ ਮੇਹਰ ਹੋਈ ਤੇ ਹਰੀ ਨਾਮ ਮੈਨੂੰ ਮਿੱਠਾ ਲੱਗਣ ਲੱਗ ਪਿਆ ਹੈ। ਗੁਰੂ ਪ੍ਰਮੇਸ਼ਵਰ ਨੇ, ਮੈਂ ਨਾਨਕ ਸੇਵਕ ਉਤੇ ਕਿਰਪਾ ਧਾਰੀ ਹੈ ਤੇ ਮੈਂ ਮਾਇਆ ਤੋਂ ਅਲਪਿਤ ਰਹਿਣ ਵਾਲੇ ਕੁਲਾਂ ਵਿਚ ਨਾ ਆਉਣ ਵਾਲੇ ਹਰੀ ਨੂੰ ਦੇਖ ਲਿਆ ਹੈ, ਉਸ ਦੇ ਪ੍ਰਤੱਖ ਦਰਸ਼ਨ ਕਰ ਲਏ ਹਨ।

ਇਉਂ ਪ੍ਰੇਮ ਵਿਚ ਗਦਗਦ ਹੋਇਆ ਭਾਈ ਮੰਝ ਰਾਤੀ ਸੰਗਤਾਂ ਦੇ ਦਰਸ਼ਨ ਦਿਦਾਰੇ ਕਰਦਾ ਕਿਸੇ ਅਗੰਮੀ ਖੇੜੇ ਵਿੱਚ ਵਿਸਮਾਦ ਹੋ ਗਿਆ ਅਤੇ ਸੁਰਤ ਪ੍ਰਭੂ ਚਰਨਾਂ ਵਿਚ ਜੋੜਨ ਦਾ ਯਤਨ ਕਰਨ ਲੱਗਾ ਕਿ ਅਚਾਨਕ ਹੀ ਉਸ ਨੂੰ ਇਹ ਸ਼ਬਦ ਸੁਣਾਈ ਦਿੱਤਾ :-

ਜਨ ਕੀ ਪੈਜ ਸਵਾਰੀ ਆਪ ॥
ਹਰਿ ਹਰਿ ਨਾਮੁ ਦੀਓ ਗੁਰਿ ਅਵਖਧੁ
ਉਤਰਿ ਗਇਓ ਸਭੁ ਤਾਪ ॥ ਰਹਾਉ ॥

ਹਰਿ ਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ॥
ਮਿਟੀ ਬਿਆਧਿ ਸਰਬ ਸੁਖ ਹੋਏ ਹਰਿ ਗੁਣ ਸਦਾ ਬੀਚਾਰਿ॥੧॥
ਅੰਗੀਕਾਰੁ ਕੀਓ ਮੇਰੈ ਕਰਤੈ ਗੁਰ ਪੂਰੇ ਕੀ ਵਡਿਆਈ॥
ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ ॥੨॥

....

ਨਾਨਕ ਸਰਣਿ ਤੁਮ੍ਾਰੀ ਕਰਤੇ ਤੂੰ ਪ੍ਰਭ ਪ੍ਰਾਨ ਅਧਾਰ॥
ਹੋਇ ਸਹਾਈ ਜਿਸੁ ਤੂੰ ਰਾਖਹਿ ਤਿਸੁ ਕਹਾ ਕਰੇ ਸੰਸਾਰੁ॥੨॥
(ਗੂਜਰੀ ਮ: ੫)

....

ਅਖੀਰਲੀ ਤੁਕ ਨੂੰ ਉਸ ਨੇ ਆਪ ਕਈ ਵਾਰ ਪੜ੍ਹਿਆ ਅਤੇ ਗਦ ਗਦ ਹੋ ਕੇ ਅਰਦਾਸ ਵਿੱਚ ਜੁੜ ਗਿਆ। ਇਸ ਤਰ੍ਹਾਂ ਉਸ ਨੇ ਇਹ ਸੁਖ ਵਿਹਾਣੀ ਰਾਤ ਨੂੰ ਮਾਣਿਆ। ਪ੍ਰੰਤੂ ਹਾਲੀ ਵੀ ਉਸ ਦੀ ਦਿਲੀ ਖਾਹਸ਼ ਸੀ ਕਿ ਛੇਤੀ ਛੇਤੀ ਦਿਨ ਚੜ੍ਹੇ ਅਤੇ ਪੰਚਮ ਪਾਤਸ਼ਾਹ ਦੀ ਹਜ਼ੂਰੀ ਵਿਚ ਪੇਸ਼ ਹੋ ਕੇ ਸਿੱਖ ਬਣਨ ਦੀ ਅਰਦਾਸ ਕਰਾਂ।

੪.

ਅੰਮ੍ਰਿਤ ਵੇਲਾ ਹੋਇਆ ਸਿੱਖ ਸੰਗਤਾਂ ਤੇ ਸਭ ਪ੍ਰੇਮੀ ਹੌਲੀ ਹੌਲੀ ਜਾਗ ਪਏ। ਸੋਚ ਇਸ਼ਨਾਨ ਦੇ ਬਾਅਦ ਪ੍ਰੇਮੀ ਸਿੱਖ ਦੀਵਾਨ ਵਿਚ ਆਉਂਦੇ ਗਏ ਤੇ ਰਸ ਮਈ ਕੀਰਤਨ ਦੀਆਂ ਧੁਨੀਆਂ ਨਾਲ ਜੁੜਦੇ ਜਾਂਦੇ ਰਸ ਭਿੰਨਾ ਕੀਰਤਨ ਤੇ ਲੈਅ ਸੁਰ ਨਾਲ ਭਰਪੂਰ ਸੁਰੀਲੇ ਗਲੇ ਵਿਚੋਂ ਨਿਕਲ ਕੇ, ਸਿੱਖਾਂ ਦੇ ਅੰਦਰ ਧਸਦਾ ਜਾਂਦਾ ਸੀ। ਮਸਤੀ ਵਿਚ ਜੁੜੇ ਪ੍ਰੇਮੀ ਐਉਂ ਅਡੋਲ ਚਿਤ ਕੀਰਤਨ ਸੁਣਦੇ ਕਿ ਕਿਸੇ ਦੀ ਆਵਾਜ਼ ਤਾਂ ਕੀ ਉਚਾ ਸਾਹ ਵੀ ਲਿਆ ਜਾਂਦਾ ਪ੍ਰਤੀਤ ਨਹੀਂ ਸੀ ਹੋ ਰਿਹਾ। ਮਾਨੋਂ ਬੁੱਤਾਂ ਵਾਂਗੂ ਅਡੋਲ ਸਨ, ਕੋਈ ਵੀ ਐਧਰ ਓਧਰ ਝਾਕਦਾ ਨਹੀ ਸੀ ਤੇ ਕੀਰਤਨ ਦੇ ਆਨੰਦ ਵਿਚ ਮਸਤ ਸਨ।

ਭਾਈ ਮੰਝ ਵੀ ਦੀਵਾਨ ਵਿਚ ਜਾ ਬੈਠਾ। ਕਿਥੇ ਉਹ ਸਰਵਰੀਆਂ ਦੇ ਤੁਕੇ ਬੇਤੁਕੇ ਜੋੜੇ ਹੋਏ ਬੋਲ, ਤੇ ਕਿਥੇ ਇਹ ਧੁਰ ਕੀ ਬਾਣੀ ਦਾ ਰਸਮਈ ਕੀਰਤਨ। ਆਸਾ ਦੀ ਵਾਰ ਦਾ ਕੀਰਤਨ ਤੇ ਪਹਿਲੇ ਪਾਤਸ਼ਾਹ ਦਾ ਇਹ ਸ਼ਬਦ ਸੀ :-

ਮ: ੧ ॥

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥
ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥
ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥
ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥
ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰਬਾਰੁ ॥
ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥

ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥੨॥

(੧੧ਵੀਂ ਪਉੜੀ, ਆਸਾ ਦੀ ਵਾਰ)

ਹੁਣ ਤਾਂ ਭਾਈ ਮੰਝ ਹਲੂਣਿਆ ਗਿਆ ਸੀ ਕਿ ਕੈਸੀ ਸੁੰਦਰ ਸੰਸਾਰ ਦੇ ਲੋਕਾਂ ਦੀ ਸਚਾਈ ਭਰੀ ਤਸਵੀਰ ਖਿੱਚੀ ਹੋਈ ਹੈ ਤੇ ਮਨੁੱਖ ਨੂੰ ਲਾਲਚ, ਝੂਠ ਤੇ ਕਾਮ ਆਦਿਕਾਂ ਤੋਂ ਬਚਣ ਦਾ ਕੈਸਾ ਸੁੰਦਰ ਉਪਦੇਸ਼ ਹੈ।

ਭਾਈ ਮੰਝ ਵੀ ਹਿਲਿਆ ਨਹੀਂ। ਉਸ ਨੇ ਵੇਖਿਆ ਕਿ ਗੁਰੂ ਸਾਹਿਬ ਖੁਦ ਦੀਵਾਨ ਵਿਚ ਹਨ ਤੇ ਸਿੰਘਾਸਣ ਤੇ ਬੈਠੇ ਕੀਰਤਨ ਸੁਣ ਰਹੇ ਹਨ। ਸੋ ਦਿਨ ਚੜ੍ਹੇ ਆਸਾ ਦੀ ਵਾਰ ਦਾ ਭੋਗ ਪਿਆ ਤੇ ਗੁਰੂ ਸਾਹਿਬ ਦਾ ਅੰਮ੍ਰਿਤ ਰੂਪੀ ਉਪਦੇਸ਼ ਫਿਰ ਸਭ ਨੇ ਸੁਣਿਆ। ਇਸ ਤੋਂ ਬਾਅਦ ਸਿੱਖਾਂ ਨੇ ਬੇਨਤੀਆਂ ਤੇ ਅਰਦਾਸਾਂ ਜੋ ਵੀ ਕਿਸੇ ਨੇ ਕਰਨੀਆਂ ਸਨ, ਸ਼ੁਰੂ ਕਰ ਦਿੱਤੀਆਂ।

ਭਾਈ ਮੰਝ ਵੀ ਤਿਆਰ ਹੋਇਆ ਤੇ ਇਹ ਵੀ ਹੱਥ ਜੋੜ ਕੇ ਗੁਰੂ ਸਾਹਿਬਾਂ ਦੇ ਸਨਮੁੱਖ ਜਾ ਖਲੋਤਾ।

"ਤੂੰ ਕੀ ਚਾਹੁੰਦਾ ਹੈਂ ਭਾਈ।"

"ਜੀ ਮੈਂ ਸਿੱਖੀ ਚਾਹੁੰਦਾ ਹਾਂ।"

"ਕਿਥੋਂ ਆਇਆ ਹੈਂ?"

"ਜੀ ਦੁਆਬੇ ਦਾ ਵਸਨੀਕ ਹਾਂ ਤੇ ਮੰਝ ਕੀ ਪਿੰਡ ਦਾ ਰਹਿਣ ਵਾਲਾ ਹਾਂ।"

ਅੰਤਰਯਾਮੀ ਸਤਿਗੁਰੂ ਜੀ ਬੋਲੇ, "ਅਗੇ ਕਿਸੇ ਦਾ ਸਿੱਖ ਨਹੀਂ?"

"ਜੀ ਮੈਂ ਸਖੀ ਸਰਵਰ ਦੀ ਪੂਜਾ ਕਰਨ ਵਾਲਾ ਹਾਂ, ਤੇ ਨਿਗਾਹੇ ਨੂੰ ਜਾਂਦਾ, ਆਪ ਦੀ ਨਗਰੀ ਦੇ ਦਰਸ਼ਨ ਕਰ ਬੈਠਾ ਹਾਂ, ਸੰਗਤਾਂ ਦੀ ਆਵਾਜਾਈ ਤੇ ਸਿੱਖੀ ਤੇ ਪ੍ਰੇਮ ਭਰੀ ਅਵਸਥਾ ਨੇ ਮੇਰਾ ਮਨ ਮੋਹ ਲਿਆ ਹੈ, ਤੇ ਮੈਂ ਆਪਣੇ ਸਾਥੀਆਂ ਦਾ ਸਾਥ ਛੱਡ ਕੇ ਸਿੱਖੀ ਧਾਰਨ ਲਈ ਇਥੇ ਹੀ ਠਹਿਰ ਗਿਆ ਹਾਂ।"

"ਪਰ ਸਿੱਖੀ ਔਖੀ ਹੈ, ਤੈਥੋਂ ਕਮਾਈ ਨਹੀਂ ਜਾਣੀ।"

ਭਾਈ ਮੰਝ ਕੁੜਿਕੀ ਵਿਚ ਫਸਿਆ ਸੀ ਕਿ ਝਟ ਅੰਦਰਖਾਨੇ ਸਿੱਖ ਨਾਲ ਕੀਤੀਆਂ ਗੱਲਾਂ ਚੇਤੇ ਆ ਗਈਆਂ। ਕਹਿਣ ਲੱਗਾ "ਸਤਿਗੁਰੂ ਜੀ! ਜੇ ਤੁਸਾਂ ਕਿਰਪਾ ਕੀਤੀ, ਤਾਂ ਫੇਰ ਮੈਂ ਕਮਾ ਹੀ ਲਵਾਂਗਾ।"

"ਪਰ ਪੀਰ ਦਾ ਕੀ ਕਰੇਂਗਾ?"

"ਉਸ ਨੂੰ ਛੱਡ ਦਿਆਂਗਾ ਉਸ ਨੇ ਤਾਂ ਮੇਰੇ ਧਰਮਾ ਨੂੰ ਹੀ ਵਿਗਾੜ ਛਡਿਆ ਹੈ। ਨਾ ਅਸੀਂ ਹਿੰਦੂ ਰਹੇ ਨਾ ਮੁਸਲਮਾਨ ।"

"ਫੇਰ ?"

"ਫੇਰ ਜਿਵੇਂ ਹੁਕਮ ਕਰੋ ।"

"ਤੂੰ ਘਰ ਵਿਚ ਪੀਰ ਖਾਨਾ ਬਣਾਇਆ ਹੋਵੇਗਾ ?"

"ਜੀ, ਹਾਂ।"

"ਜਾਹ ਫੇਰ ਪਹਿਲੇ ਘਰ ਵਿਚੋਂ ਪੀਰ ਨੂੰ ਕੱਢ ਆ, ਨਾਲੇ ਪੀਰ ਘਰ ਵਿਚ ਹੋਵੇ ਤੇ ਸਿੱਖੀ ਗ੍ਰਹਿਣ ਕਰ ਲਵੇਂ, ਇਹ ਦੋ ਗੱਲਾਂ ਤਾਂ ਹੋਣੀਆਂ ਨਹੀਂ।"

"ਚੰਗਾ ਫੇਰ ਜਾਵਾਂ ਤੇ ਘਰ ਵਿਚੋਂ ਪੀਰ-ਖਾਨਾ ਢਾਹ ਆਵਾਂ ?"

"ਹਾਂ ਪਹਿਲੇ ਇਹ ਕੰਮ ਕਰ ਤੇ ਫਿਰ ਸਿੱਖੀ ਧਾਰਨ ਕਰੀਂ ।"

ਭਾਈ ਮੰਝ ਮੱਥਾ ਟੇਕ ਕੇ ਤੁਰਨ ਹੀ ਲੱਗਾ ਸੀ ਕਿ ਸਤਿਗੁਰੂ ਜੀ ਨੇ ਭਾਈ ਮੰਝ ਦੇ ਪ੍ਰੇਮ ਨੂੰ ਹੋਰ ਪੱਕਿਆਂ ਕਰਨ ਲਈ, ਜਰਾ ਕਮਾਈ ਦੀ ਕੁਠਾਲੀ ਦਾ ਸੇਕ ਦੇਣ ਲਈ ਆਖਿਆ, "ਤੂੰ ਘਰ ਜਾਹ, ਤਕੜਾ ਹੋਕੇ ਪੀਰ-ਖਾਨੇ ਨੂੰ ਢਾਹ ਦੇ। ਲੋਕ ਤੇਰੇ ਨਾਲ ਝਗੜਾ ਕਰਨਗੇ ਪਰ ਹੁਣ ਤੈਨੂੰ ਸਮਝ ਆ ਗਈ ਕਿ ਇਹ ਮੜ੍ਹੀਆਂ ਤੇ ਕਬਰਾਂ ਦੀ ਪੂਜਾ ਮਨੁੱਖ ਦਾ ਕੁਝ ਨਹੀਂ ਸਵਾਰ ਸਕਦੀਆਂ, ਮਨੁੱਖ ਨੂੰ ਤਾਂ ਪ੍ਰਭੂ ਪ੍ਰੇਮ ਨੇ ਪਾਰ ਉਤਾਰਨਾ ਹੈ। ਬਾਕੀ ਅਸੀਂ ਤੈਨੂੰ ਬੁਲਾਵਾਂਗੇ ਤਾਂ ਆਵੀਂ।'

"ਸਤਿ ਬਚਨ।" ਆਖ ਕੇ ਭਾਈ ਮੰਝ ਹੁਣ ਵਾਪਸ ਆਪਣੇ ਨਗਰ ਨੂੰ ਚਲਾ ਗਿਆ ।

ਦੋ ਤਿੰਨ ਦਿਨ ਵਿਚ ਹੀ ਭਾਈ ਮੰਝ ਹੁਣ ਵਾਪਸ ਆਪਣੇ ਪਿੰਡ ਜਾ ਪੁਜਾ। ਤ੍ਰਕਾਲਾਂ ਸਮੇਂ ਉਹ ਪਿੰਡ ਵਿਚ ਦਾਖਲ ਹੋਇਆ, ਤੇ ਹੋਰ ਕਿਸੇ ਨੂੰ ਵੀ ਉਸ ਨੇ ਮਿਲਣ ਦਾ ਯਤਨ ਨਾ ਕੀਤਾ ਤੇ ਸਿੱਧਾ ਘਰ ਚਲਾ ਗਿਆ। ਘਰ ਵਿਚ ਭਾਈ ਮੰਝ ਦੀ ਇਸਤਰੀ ਤੇ ਲੜਕੀ ਸੀ ਤੇ ਏਨਾ ਹੀ ਉਸਦਾ ਪ੍ਰਵਾਰ ਸੀ, ਪਰ ਘਰ ਦੇ ਨਾਲ ਹੋਰ ਭਰਾ-ਭਾਈ ਤੇ ਸ਼ਰੀਕਾਂ ਦੇ ਘਰ ਵੀ ਬਥੇਰੇ ਸਨ, ਪਰ ਇਹ ਕਿਸੇ ਨੂੰ ਨਾ ਮਿਲਿਆ ਤੇ ਘਰ 'ਚ ਚਲਾ ਗਿਆ ।

"ਕੀ ਗੱਲ ਹੈ, ਬੜੀ ਛੇਤੀ ਆ ਗਏ ਹੋ ? ਨਿਗਾਹੇ ਹੋ ਆਏ ਹੋ ?" ਉਸ ਦੀ ਪਤਨੀ ਨੇ ਪੁਛਿਆ।

"ਨਹੀਂ।"

"ਕਿਉਂ ?"

"ਏਹ ਫੇਰ ਦਸਾਂਗਾ, ਪਰ ਪਹਿਲੇ ਇਕ ਕੰਮ ਕਰਨਾ ਹੈ।"

"ਕੀ ?"

"ਪੀਰ ਖਾਨੇ ਨੂੰ ਢਾਹ ਦੇਣਾ ਹੈ।"

"ਹੈਂ ਇਹ ਕੀ ਆਖ ਰਹੇ ਹੋ, ਪੀਰ ਦੇ ਕਰੋਧ ਨੂੰ ਨਹੀਂ ਜਾਣਦੇ ?"

"ਪੀਰ ਮੇਰਾ ਕੁਝ ਨਹੀਂ ਵਿਗਾੜ ਸਕਦਾ।"

"ਕੀ ਗੱਲ ?"

"ਹੁਣ ਮੈਨੂੰ ਅਸਲੀਅਤ ਦਾ ਪਤਾ ਲੱਗ ਗਿਆ ਹੈ। ਮੈਂ ਪੂਰੇ ਗੁਰੂ ਦੇ ਦਰਸ਼ਨ ਕਰ ਆਇਆ ਹਾਂ, ਜਿਸ ਦੇ ਦਰਸ਼ਨਾਂ ਤੇ ਉਪਦੇਸ਼ਾਂ ਨੇ ਮੇਰੇ ਭੁਲੇਖੇ ਕੱਢ ਦਿੱਤੇ ਹਨ ਤੇ ਮੈਨੂੰ ਪਤਾ ਲੱਗ ਗਿਆ ਹੈ ਕਿ ਮੈਂ ਹਨੇਰੇ ਵਿਚ ਟੱਕਰਾਂ ਮਾਰ ਰਿਹਾ ਸਾਂ।"

"ਬਾਕੀ ਦੇ ਸਾਥੀ ਕਿਥੇ ਹਨ ?"

"ਹੁਣ ਉਹ ਮੇਰੇ ਸਾਥੀ ਨਹੀਂ, ਉਹ ਜੋ ਮਰਜ਼ੀ ਹੈ ਕਰਨ, ਪਰ ਉਨ੍ਹਾਂ ਨੂੰ ਪਤਾ ਲੱਗ ਗਿਆ, ਤਾਂ ਉਹ ਵੀ ਹਨੇਰੇ ਤੋਂ ਨਿਕਲ ਜਾਣਗੇ।"

"ਦੇਖਣਾ ਕਿਤੇ ਵੈਰ ਨਾ ਪਾ ਲੈਣਾ ਲੋਕਾਂ ਨਾਲ, ਮੈਨੂੰ ਬੜਾ ਡਰ ਲੱਗਦਾ ਹੈ।"

"ਤੂੰ ਫਿਕਰ ਹੀ ਕੋਈ ਨਾ ਕਰ, ਅਸੀਂ ਤਾਂ ਹੁਣ ਮਿੱਤਰ ਬਣਾਣੇ ਹਨ, ਹਾਂ ਸੱਚੇ ਮਿੱਤਰ ਬਣਾਏ ਹਨ, ਦਿਖਾਵੇ ਦੇ ਮਿੱਤਰ ਨਹੀਂ ਬਣਾਣੇ। ਮੈਂ ਤਾਂ ਰਸਤੇ ਵਿਚੋਂ ਇਸੇ ਵਾਸਤੇ ਮੁੜ ਆਇਆ ਹਾਂ ਕਿ ਪਹਿਲੇ ਇਸ ਪੀਰ ਖਾਨੇ ਨੂੰ ਘਰੋਂ ਬਾਹਰ ਕੱਢਾਂ। ਇਸ ਲਈ ਹੋਰ ਗੱਲਾਂ ਫੇਰ ਕਰਾਂਗਾ, ਪਹਿਲੇ ਜਿਸ ਕੰਮ ਲਈ ਮੈਂ ਆਇਆ ਹਾਂ, ਉਹ ਕਰੀਏ।"

ਇਹ ਆਖਕੇ ਭਾਈ ਮੰਝ ਨੇ ਕਹੀ ਫੜੀ ਤੇ ਪੀਰ ਖਾਨੇ ਨੂੰ ਕੁਝ ਮਿੰਟਾਂ ਵਿਚ ਹੀ ਮਿੱਟੀ ਦਾ ਢੇਰ ਬਣਾ ਦਿੱਤਾ ਤੇ ਫੇਰ ਡੱਗਾ ਤੇ ਢੋਲ ਵੀ ਪਾੜ ਕੇ ਭੰਨ ਕੇ ਰਖ ਦਿੱਤਾ। ਰਾਤ ਰਾਤ ਹੀ ਉਸ ਨੇ ਸਾਰੀ ਮਿੱਟੀ ਚੁਕ ਕੇ ਘਰੋਂ ਬਾਹਰ ਸੁਟ ਦਿੱਤੀ ਤੇ ਫੇਰ ਕੁਝ ਖਾਨ ਪਾਨ ਕੀਤਾ।

ਦਿਨ ਚੜ੍ਹ ਗਿਆ ਰਾਤ ਭਾਈ ਮੰਝ ਨੇ ਅਰਾਮ ਨਾਲ ਗੁਜ਼ਾਰੀ, ਪਰ ਜਿਉਂ

ਹੀ ਦਿਨ ਚੜ੍ਹੇ ਲੋਕਾਂ ਨੂੰ ਪਤਾ ਲੱਗਾ ਕਿ ਭਾਈ ਮੰਝ ਨਿਗਾਹੇ ਨਹੀਂ ਗਿਆ, ਰਸਤੇ ਵਿਚੋਂ ਮੁੜ ਆਇਆ ਹੈ, ਤਾਂ ਲੋਕ ਪਤਾ ਕਰਨ ਲਈ ਭਾਈ ਮੰਝ ਪਾਸ ਆਉਣੇ ਸ਼ੁਰੂ ਹੋ ਗਏ ਕਿ ਉਹ ਵਾਪਸ ਕਿਉਂ ਮੁੜ ਆਇਆ ਹੈ, ਪਰ ਜਦ ਉਨ੍ਹਾਂ ਨੇ ਆਕੇ ਵੇਖਿਆ ਕਿ ਮੰਝ ਨੇ ਪੀਰ ਖਾਨਾ ਢਾਹ ਦਿੱਤਾ ਹੈ, ਤਾਂ ਕੋਈ ਕੁਝ ਤੇ ਕੋਈ ਕੁਝ, ਆਪੋ ਆਪਣੀਆਂ ਲੋਕ ਗੱਲਾਂ ਕਰਨ ਲੱਗ ਪਏ। ਇਕ ਨੇ ਆ ਕੇ ਕਿਹਾ, "ਓ ਮੰਝ ਇਹ ਕੀ ਕੀਤਾ ਈ ?"

"ਮੈਨੂੰ ਇਹ ਸਮਝ ਆ ਗਈ ਹੈ ਕਿ ਇਹ ਮਿੱਟੀ ਹੈ ਤੇ ਇਸ ਨੇ ਮੇਰਾ ਕੁਝ ਨਹੀਂ ਸਵਾਰਨਾ ਹੈ।" ਭਾਈ ਮੰਝ ਨੇ ਜਵਾਬ ਦਿੱਤਾ।

"ਪਰ ਇਹ ਪਤਾ ਈ ਕਿ ਜੇ ਪੀਰ ਵਿਗੜ ਗਿਆ ਤਾਂ ਖਾਨਦਾਨ ਤਬਾਹ ਕਰਕੇ ਰੱਖ ਦੇਵੇਗਾ।"

"ਅਗੇ ਪੀਰ ਨੇ ਮੇਰਾ ਕੀ ਰਹਿਣ ਦਿੱਤਾ ਹੈ। ਨਾ ਅਸੀਂ ਹਿੰਦੂ ਰਹੇ ਤੇ ਨਾ ਮੁਸਲਮਾਨ, ਸਾਡਾ ਤਾਂ ਜਨਮ ਇਸ ਨੇ ਵਿਗਾੜ ਦਿੱਤਾ ਹੈ, ਹੋਰ ਇਸ ਨੇ ਕੀ ਵਿਗਾੜਨਾ ਹੈ ?"

"ਓਏ ਜਾਣਦਾ ਨਹੀਂ ਤੂੰ, ਅਗੇ ਦੋ ਤੇਰੇ ਮੁੰਡੇ ਮਰ ਗਏ ਹਨ, ਤੇ ਹੁਣ ਕੀ ਕਰੇਂਗਾ ?"

"ਓਏ ਤਾਹੀਏਂ ਕਹਿੰਦੇ ਹੋ ? ਪੀਰ ਦੀ ਮੁਰੀਦੀ ਸਮੇਂ ਹੀ ਮੁੰਡੇ ਮਰੇ ਹਨ, ਪੀਰ ਨੇ ਸਗੋਂ ਬਚਾਣੇ ਸਨ ਕਿ ਮਾਰਨੇ ਸਨ ?"

ਗੱਲ ਸੱਚੀ ਸੀ ਸਭ ਦੇ ਮੂੰਹ ਬੰਦ ਹੋ ਗਏ। ਭਾਈ ਮੰਝ ਜੀ ਨੇ ਫੇਰ ਕਿਹਾ, "ਦੇਖੋ ਅਸੀਂ ਕਿੰਨੀ ਭੁਲ ਵਿੱਚ ਫਸੇ ਹੋਏ ਹਾਂ ਉਹ ਪ੍ਰਮੇਸ਼ਵਰ, ਜਿਸ ਨੇ ਸਭ ਨੂੰ ਪੈਦਾ ਕੀਤਾ ਹੈ, ਜੋ ਸਭ ਦਾ ਮਾਲਕ ਹੈ, ਉਸਨੂੰ ਭੁਲ ਕੇ ਇਹਨਾਂ ਮੜ੍ਹੀਆਂ ਮਸਾਣਾਂ ਤੇ ਕਬਰਾਂ ਦੀ ਪੂਜਾ ਕਰਦੇ ਫਿਰਦੇ ਹਾਂ। ਕੀ ਇਸ ਕਰਕੇ ਅਸੀਂ ਉਸ ਸਚੇ ਮਾਲਕ ਦੀ ਖੁਸ਼ੀ ਪ੍ਰਾਪਤ ਕਰ ਸਕਦੇ ਹਾਂ, ਕਦੇ ਨਹੀਂ। ਇਸ ਲਈ ਆਓ ਸੋਚੀਏ ਅਸੀਂ ਕੀ ਕਰਨਾ ਸੀ ਤੇ ਕੀ ਕਰ ਰਹੇ ਹਾਂ।"

ਭਾਈ ਮੰਝ ਜੀ ਵੱਡੇ ਪ੍ਰਚਾਰਕ ਬਣ ਗਏ। ਹਿਰਦੇ ਵਿਚ ਵਸ ਗਈ ਸਤਿਗੁਰੂ ਦੀ ਪ੍ਰੀਤੀ ਨੇ ਇਨ੍ਹਾਂ ਫ਼ੋਕਟ ਕਰਮਾਂ ਨੂੰ ਨੰਗਾ ਕਰ ਕਰਕੇ ਇਉਂ ਦਸਣ ਲੱਗੇ ਪਏ ਕਿ ਸੁਨਣ ਵਾਲੇ ਤੇ ਗੱਲਾਂ ਕਰਨ ਵਾਲੇ ਅੱਧੇ ਤੋਂ ਵਧ ਲੋਕ ਭਾਈ ਮੰਝ ਦੇ ਮਗਰ ਲੱਗ ਪਏ।

ਪਰ ਸ਼ਰੀਕੇ ਦਾ ਜ਼ੋਰ ਹੋਣ ਕਰਕੇ, ਭਾਈ ਮੰਝ ਦਾ ਸਖੀ ਸਰਵਰ ਦੀ ਘਰ ਵਿਚੋਂ ਕਬਰ ਢਾਹ ਦੇਣ ਕਰਕੇ, ਉਸ ਦਾ ਭਾਈਚਾਰੇ ਨੇ ਬਿਲਕੁਲ ਬਾਈਕਾਟ ਕਰ ਦਿੱਤਾ ਤੇ ਲੈਣ ਦੇਣ ਸਾਰਾ ਹੀ ਦਬਾ ਲਿਆ। ਜੋ ਕੁਝ ਹੈ ਸੀ, ਉਹ ਭਾਈ ਮੰਝ ਖਰਚ ਆਇਆ ਸੀ ਤੇ ਕੁਝ ਘਰਦਿਆਂ ਨੇ ਕਰ ਲਿਆ ਸੀ, ਇਸ ਆਸ ਤੇ ਕਿ ਅਗੋਂ ਮਿਲ ਜਾਏਗਾ ਤੇ ਇਸ ਤਰ੍ਹਾਂ ਗੇੜ ਚਲਦਾ ਰਹਿੰਦਾ ਸੀ, ਪਰ ਇਸ ਅਚਾਨਕ ਤਬਦੀਲੀ ਨੇ, ਭਾਈ ਮੰਝ ਨੂੰ ਵੱਡੀ ਪ੍ਰੀਖਿਆ ਵਿਚ ਪਾਉਣਾ ਸੀ, ਤੇ ਪ੍ਰੀਖਿਆ ਵਿਚੋਂ ਪਾਸ ਹੋ ਕੇ, ਭਾਈ ਮੰਝ ਨੇ ਅੰਮ੍ਰਿਤਸਰ ਜਾ ਕੇ ਵੱਡਾ ਤੇ ਪੂਰਨ ਸਿੱਖ ਬਣਨਾ ਸੀ।

੫.

ਸਿੱਖੀ ਧਾਰਨ ਦੀ ਕਠਨ ਪ੍ਰੀਖਿਆ ਆ ਗਈ, ਪਰ ਉਹ ਪ੍ਰੀਖਿਆ ਨਹੀਂ ਸੀ, ਇਹ ਤਾਂ ਸ਼ਰੀਕੇ ਦਾ ਧੱਕਾ ਤੇ ਜਬਰ ਸੀ। ਅੱਜ ਕੱਲ ਸ਼ਰੀਕੇ ਦਾ ਇਤਨਾ ਸੰਗਠਨ ਤੇ ਏਕਾ ਨਹੀਂ ਰਿਹਾ, ਪਿਛਲਿਆਂ ਸਮਿਆਂ ਵਿਚ ਸ਼ਰੀਕੇ ਤੋਂ ਬਿਨਾਂ ਕਿਸੇ ਆਦਮੀ ਦਾ ਵੀ ਜੀਵਨ ਨਹੀਂ ਗੁਜਰ ਸਕਦਾ ਸੀ। ਸ਼ਰੀਕੇ ਦੇ ਏਕੇ ਦਾ ਜਿਥੇ ਸੁੱਖ ਵੀ ਹੁੰਦਾ, ਉਥੇ ਦੁੱਖ ਵੀ ਵੱਡਾ ਹੀ ਹੁੰਦਾ ਹੈ। ਸੋ ਭਾਈ ਮੰਝ ਇਉਂ ਵੱਡੀ ਕਰੜਾਈ ਦੇ ਦਿਨ ਬਤੀਤ ਕਰ ਰਿਹਾ ਸੀ ਕਿ ਏਧਰ ਅੰਤਰਜਾਮੀ ਸਤਿਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬੁਲਾਉਣ ਦਾ ਫੈਸਲਾ ਕੀਤਾ, ਪਰ ਕੁਝ ਪ੍ਰੀਖਿਆ ਦਾ ਸੇਕ ਦੇ ਕੇ, ਭਾਈ ਮੰਝ ਜੀ ਦੇ ਹਿਰਦੇ ਨੂੰ ਹੋਰ ਸੁੱਚਾ ਤੇ ਸੋਨੇ ਵਰਗਾ ਬਣਾਉਣਾ ਚਾਹੁੰਦੇ ਸਨ। ਸਤਿਗੁਰੂ ਜੀ ਨੇ ਸਿੱਖ ਨੂੰ ਹੁਕਮਨਾਮਾ ਦੇ ਕੇ ਭੇਜਿਆ, ਪਰ ਅਜੇ ਉਸ ਨੂੰ ਬੁਲਾਇਆ ਨਹੀਂ ਸੀ, ਕੁਝ ਦਿਨ ਹੋਰ ਠਹਿਰਨ ਦਾ ਸੁਨੇਹਾ ਸੀ, ਪਰ ਨਾਲ ਹੁਕਮ ਕਰ ਭੇਜਿਆ ਤੇ ਸਿੱਖ ਨੂੰ ਜ਼ਬਾਨੀ ਕਿਹਾ ਕਿ ਚਿੱਠੀ ਤਾਂ ਦੇਵੀਂ, ਜੇ ਸਿੱਖ ਨੂੰ ਭਾਈ ਮੰਝ ੧੧ ਰੁਪਏ ਦਰਸ਼ਨ ਭੇਟ ਦੇਵੇ।

ਸਿੱਖ ਅੰਮ੍ਰਿਤਸਰ ਤੋਂ ਚਲਿਆ ਤੇ ਭਾਈ ਮੰਝ ਜੀ ਦੇ ਪਿੰਡ ਮੰਝ ਕੀ ਵਿਚ ਜਾ ਪਹੁੰਚਾ। ਪਿੰਡ ਵਿਚ ਉਸ ਦਾ ਨਾਮ 'ਤੀਰਥ' ਕਰਕੇ ਲਿਆ ਜਾਂਦਾ ਸੀ, ਤੇ ਪਹਿਲਾ ਨਾਮ ਉਸ ਦਾ ਏਹੀ ਸੀ, ਪਰ ਅੰਮ੍ਰਿਤਸਰ ਪੁਜ ਕੇ, ਮੰਝਕੀ ਪਿੰਡ ਦਾ ਹੋਣ ਕਰਕੇ ਆਪ ਦਾ ਨਾਮ ਹੀ ਮੰਝ ਪੈ ਗਿਆ ਸੀ, ਤੇ ਆਪ ਇਸੇ ਨਾਮ ਨਾਲ ਹੀ ਪ੍ਰਸਿੱਧ ਹੋਏ ਹਨ। ਅਸਾਂ ਪਹਿਲੇ ਨਾਮ ਨੂੰ ਲਿਖਿਆ ਹੀ ਨਹੀਂ, ਪਰ ਵਾਕਫ਼ੀਅਤ ਦੇ ਤੌਰ ਤੇ ਦੱਸ ਜ਼ਰੂਰ ਦਿਤਾ ਹੈ। ਸਿੱਖ ਨੂੰ ਇਕ ਦੋਂਹ ਕੋਲੋਂ ਪੁਛਣ ਤੇ ਹੀ ਪਤਾ ਲੱਗ ਗਿਆ ਕਿ ਫਲਾਣਾ ਘਰ ਭਾਈ ਮੰਝ ਦਾ ਹੈ।

ਸਿੱਖ ਨੇ ਘਰ ਦੇ ਬੂਹੇ ਅਗੇ ਜਾ ਕੇ ਕਿਹਾ, "ਸਤਿ ਕਰਤਾਰ।"

ਭਾਈ ਮੰਝ ਨੇ ਅੰਮ੍ਰਿਤਸਰ ਵਿਚ ਇਕ ਦੋ ਦਿਨ ਰਹਿਕੇ ਦੇਖਿਆ ਸੀ ਕਿ ਸਿੱਖ ਬਹੁਤਾ ਆਪਸ ਵਿਚ "ਸਤਿ ਕਰਤਾਰ" ਕਹਿ ਕੇ ਹੀ ਮਿਲਦੇ ਸਨ

ਤੇ ਫਿਰ ਕੋਈ ਹੋਰ ਗੱਲ ਬਾਤ ਕਰਦੇ ਸਨ। ਭਾਈ ਮੰਝ ਨੇ ਵੀ ਅਗੋਂ "ਸਤਿ ਕਰਤਾਰ" ਕਿਹਾ ਤੇ ਪੁਛਿਆ, "ਕਿਥੋਂ ਆਏ ਹੋ ਤੇ ਕਿਸ ਨੂੰ ਮਿਲਣਾ ਹੈ ?"

"ਮੈਂ ਅੰਮ੍ਰਿਤਸਰੋਂ ਆਇਆ ਹਾਂ ਤੇ ਤੁਹਾਨੂੰ ਹੀ ਮਿਲਣਾ ਹੈ।"

"ਸਤਿਗੁਰੂ ਜੀ ਨੇ ਭੇਜਿਆ ਹੈ ?"

"ਜੀ ਹਾਂ।"

"ਕੀ ਹੁਕਮ ਹੈ ?"

"ਹੁਕਮਨਾਮਾ ਤਾਂ ਲਿਖ ਕੇ ਭੇਜਿਆ ਹੈ, ਪਰ ਉਸਦੇ ਦੇਣ ਤੋਂ ਪਹਿਲਾਂ ਇਕ ਹੋਰ ਹੁਕਮ ਹੈ।"

"ਕੀ ?"

"੧੧ ਰੁਪਏ ਹੁਕਮਨਾਮੇ ਦੀ ਦਰਸ਼ਨ ਭੇਟਾ ਪਹਿਲੇ ਕਰੋ, ਤਾਂ ਹੁਕਮਨਾਮਾ ਮਿਲੇਗਾ।"

ਇਹ ਹੁਕਮ ਸੁਣ ਕੇ ਭਾਈ ਮੰਝ ਮਨ ਵਿਚ ਅਫਸੋਸਿਆ ਤਾਂ ਗਿਆ, ਪਰ ਅਫਸੋਸ ਨੂੰ ਪ੍ਰਗਟ ਨਹੀਂ ਹੋਣ ਦਿਤਾ, ਨਾ ਚੇਹਰੇ ਆਉਣ ਤੇ ਨਾ ਘਰ ਵਾਲਿਆਂ ਨਾਲ ਹੀ ਐਸੇ ਕਿਸੇ ਚਿੰਤਾ ਦੇ ਪ੍ਰਗਟਾਵੇ ਦੀ ਕੋਈ ਗੱਲ ਕੀਤੀ। ਹਾਂ, ਸਿੱਖ ਨੂੰ ਬੜੇ ਅਦਬ ਤੇ ਸਤਿਕਾਰ ਨਾਲ ਮੰਜੇ ਤੇ ਬਿਠਾਇਆ, ਚਰਨ ਧੋਤੇ ਤੇ ਜਲ ਪਾਣੀ ਦੀ ਸੇਵਾ ਕਰ ਕੇ ਫਿਰ ਕਿਹਾ, "ਮੈਂ ਦਰਸ਼ਨ-ਭੇਟ ਲਈ ਰੁਪਏ ਲੈ ਆਵਾਂ ਤੇ ਤੁਸੀਂ ਏਥੇ ਅਰਾਮ ਕਰੋ।"

ਭਾਈ ਮੰਝ ਘਰ ਵਾਲੀ ਨੂੰ ਨਾਲ ਲੈ ਕੇ ਬਾਹਰ ਗਿਆ ਤੇ ਸਾਰੀ ਗੱਲ ਸਮਝਾਈ ਕਿ "ਸ਼ਰੀਕੇ ਵਲੋਂ ਤਾਂ ਛੇਕੇ ਗਏ, ਹਾਂ, ਹੁਣ ਕਿਤੇ ਗੁਰੂ ਘਰ ਵਲੋਂ ਵੀ ਨਾ ਰਹਿ ਜਾਈਏ।"

"ਕੀ ਗੱਲ ਹੈ ?"

"੧੧ ਰੁਪਏ ਚਾਹੀਦੇ ਹਨ।"

"ਕਾਹਦੇ ਲਈ ?"

"ਗੁਰੂ ਜੀ ਦਾ ਹੁਕਮਨਾਮਾ ਤਾਂ ਲਈਏ ਜੇ ੧੧ ਰੁਪਏ ਦਰਸ਼ਨ ਭੇਟ ਦੇਈਏ।"

"ਰੁਪਏ ਤਾਂ ਹਨ ਨਹੀਂ।"

"ਫਿਰ ਕੀ ਬਣੇ ?"

"ਇਕ ਮੇਰਾ ਗਲ ਦਾ ਜ਼ੇਵਰ ਹੈ, ਉਹ ਵੇਚ ਲਓ।"

"ਵਾਹ ਭਲੀਏ ਲੋਕੇ! ਬਹੁਤ ਠੀਕ ਕਿਹਾ ਹੈ ਤੂੰ ਜ਼ੇਵਰ ਤਾਂ ਫੇਰ ਵੀ ਬਣ ਜਾਣਗੇ, ਪਰ ਸਿੱਖੀ ਮੁੜਕੇ ਨਹੀਂ ਮਿਲਣੀ।"

"ਜ਼ੇਵਰ ਤਾਂ ਘਰ ਹੈ, ਘਰੋਂ ਲੈ ਆਵਾਂ ?"

"ਲੈ ਆ।"

"ਭਾਈ ਮੰਝ ਦੀ ਘਰ ਵਾਲੀ ਗਈ ਤੇ ਜ਼ੇਵਰ ਲੈ ਆਈ, ਭਾਈ ਮੰਝ ਬਾਹਰ ਹੀ ਖੜਾ ਰਿਹਾ। ਜ਼ੇਵਰ ਲੈ ਕੇ ਭਾਈ ਮੰਝ ਨੇ ਕਿਹਾ, "ਤੂੰ ਘਰ ਜਾ, ਤੇ ਮੈਂ ਹੁਣੇ ਆਉਂਦਾ ਹਾਂ।"

"ਚੰਗਾ ਜੀ!" ਕਹਿਕੇ ਘਰ ਵਾਲੀ ਆ ਗਈ।

ਭਾਈ ਮੰਝ ਨੇ ਉਹ ਗਹਿਣਾ ਸੁਨਿਆਰੇ ਨੂੰ ਦਿਖਾਇਆ ਤੇ ੧੧) ਰੁਪਏ ਵਿਚ ਗਹਿਣੇ ਪਾ ਕੇ ਰੁਪਏ ਲੈ ਆਇਆ ਤੇ ਸਿੱਖ ਨੂੰ ਦੇ ਕੇ ਹੁਕਮ ਨਾਮਾ ਪ੍ਰਾਪਤ ਕੀਤਾ।

ਭਾਈ ਮੰਝ ਨੇ ਹੁਕਮ ਨਾਮਾ ਲੈ ਕੇ ਮਸਤਕ ਤੇ ਲਾਇਆ, ਅੱਖਾਂ ਤੇ ਰੱਖਿਆ, ਫਿਰ ਉਸ ਨੇ ਪੜ੍ਹਿਆ।

ਸਿੱਖ ਰਾਤ ਸਮੇਂ ਭਾਈ ਮੰਝ ਜੀ ਕੋਲ ਹੀ ਰਿਹਾ। ਭਾਈ ਮੰਝ ਜੀ ਸਿੱਖ ਕੋਲੋਂ ਹਿਲੇ ਹੀ ਨਾ ਤੇ ਐਸੇ ਪ੍ਰੇਮ ਪਿਆਰ ਨਾਲ, ਗੁਰੂ ਸਾਹਿਬਾਂ ਬਾਰੇ ਤੇ ਅੰਮ੍ਰਿਤਸਰ ਬਾਰੇ, ਸਿੱਖ ਨਾਲ ਪ੍ਰਸ਼ਨ ਉਤਰ ਕੀਤੇ ਕਿ ਸਿੱਖ ਭਾਈ ਮੰਝ ਦੇ ਪ੍ਰੇਮ ਨੂੰ ਵੇਖਕੇ ਹੈਰਾਨ ਤੇ ਪਰੇਸ਼ਾਨ ਹੋ ਗਿਆ। ਸਿੱਖ ਨੂੰ ਭਾਵੇਂ ਭਾਈ ਮੰਝ ਦੀ ਹਾਲਤ ਦਾ ਪਤਾ ਨਹੀਂ ਸੀ ਕਿ ਉਹ ਕਿਵੇਂ ਔਖ ਨਾਲ ਦਿਨ ਕਟ ਰਿਹਾ ਹੈ, ਪਰ ਅੰਤਰਜਾਮੀ ਸਤਿਗੁਰੂ ਜੀ ਨੇ ਸਭ ਹਾਲਤ ਜਾਣ ਲਈ ਸੀ, ਤੇ ਇਸੇ ਲਈ ਹੋਰ ਪ੍ਰੀਖਿਆ ਕੀਤੀ ਤੇ ੧੧) ਰੁਪਏ ਦਰਸ਼ਨ ਭੇਟ ਲਈ ਦੇਣੇ ਕਿਹਾ ਸੀ। ਪਰ ਏਥੇ ਆ ਕੇ ਜਦ ਸਿੱਖ ਨੇ ਉਸ ਦੇ ਘਰ ਦੀ ਹਾਲਤ ਵੇਖੀ ਤੇ ਦਰਸ਼ਨ ਭੇਟ ਲਈ, ਜਿਵੇਂ ਔਖਿਆਂ ਹੋ ਕੇ ਭਾਈ ਮੰਝ ਜੀ ਨੇ ੧੧) ਰੁਪਿਆਂ ਦਾ ਪ੍ਰਬੰਧ ਕੀਤਾ, ਉਹ ਸਾਰੀ ਹਾਲਤ ਵੀ ਵੇਖੀ ਸੀ, ਪਰ ਉਸ ਨੂੰ ਹੁਣ ਵੇਖ ਕੇ ਪਤਾ ਲਗਾ ਸੀ ਕਿ ਭਾਈ ਮੰਝ ਕਿੰਨਾ ਸਿਦਕੀ ਹੈ, ਸਿਰੜੀ ਹੈ ਤੇ ਕਿੰਨੀ ਵਡੀ ਪ੍ਰੀਖਿਆ ਵਿਚੋਂ ਲੰਘਦਾ ਹੋਇਆ ਵੀ, ਐਉਂ ਸੀ, ਜਿਵੇਂ ਉਸ ਨੂੰ ਕੋਈ ਔਕੜ ਹੀ ਨਹੀਂ ਸੀ। ਉਸ ਨੂੰ ਸਿੱਖੀ ਪ੍ਰਾਪਤ ਕਰਨ ਦੀ ਲਗਨ ਲਗੀ ਹੋਈ ਸੀ, ਤੇ ਗੁਰੂ ਸਾਹਿਬਾਂ

ਨਾਲ ਬਚਨ-ਬਿਲਾਸ ਕਰਨ ਮਗਰੋਂ ਉਸ ਨੂੰ ਇਸ ਗੱਲ ਦਾ ਵੱਡਾ ਅਮੋਲਕ ਗਿਆਨ ਪ੍ਰਾਪਤ ਹੋ ਗਿਆ ਸੀ ਕਿ ਉਸਦੀ ਤਾਂ ਸਾਰੀ ਉਮਰ ਹੀ ਐਵੇਂ ਚਲੀ ਗਈ ਹੈ, ਤੇ ਮਨੁੱਖੀ-ਜਨਮ ਦਾ ਅਮੋਲਕ ਏਨਾ ਸਮਾਂ ਉਸ ਦਾ ਭੁਲੇਖੇ ਵਿਚ ਹੀ ਨਿਕਲ ਗਿਆ ਹੈ ।

ਹੁਕਮ ਨਾਮੇ ਵਿਚ ਸਿਰਫ ਏਨਾ ਹੀ ਸੀ ਕਿ "ਭਾਈ ਮੰਝ ਅਜੇ ਕੁਝ ਸਮਾਂ ਹੋਰ ਠਹਿਰੋ, ਅਸੀਂ ਫੇਰ ਸੁਨੇਹਾ ਭੇਜਾਂਗੇ, ਤਾਂ ਆ ਜਾਵੀਂ ।"

ਪਰ ਸਿੱਖ ਨੂੰ ਹੁਕਮ ਸੀ ਕਿ ਰਾਤ ਬਤੀਤ ਕਰਕੇ ਦਿਨ ਚੜ੍ਹਦੇ ਹੀ ਭਾਈ ਮੰਝ ਕੋਲੋਂ ਵਾਪਸ ਆ ਜਾਣਾ ਹੈ। ਸੋ ਦਿਨ ਚੜ੍ਹੇ ਅੰਮ੍ਰਿਤਸਰ ਤੋਂ ਗਿਆ ਸਿੱਖ, ਭਾਈ ਮੰਝ ਤੋਂ ਵਿਦਾ ਹੋ ਆਇਆ ।

ਅੰਮ੍ਰਿਤਸਰ ਪੁਜ ਕੇ ਸਿੱਖ ਨੇ ਸਤਿਗੁਰਾਂ ਦੇ ਹਜ਼ੂਰ ਦਰਸ਼ਨ-ਭੇਟ ਦੇ ੧੧) ਦਮੜੇ ਰੱਖ ਦਿਤੇ ਤੇ ਬੇਨਤੀ ਕੀਤੀ; "ਸਤਿਗੁਰੋ ! ਭਾਈ ਮੰਝ ਇਸ ਵੇਲੇ ਬੜੀ ਔਕੜ ਵਿਚ ਹੈ, ਭਾਈਚਾਰੇ ਨੇ ਉਸ ਦਾ ਬਾਈਕਾਟ ਕੀਤਾ ਹੋਇਆ ਹੈ, ਤੇ ਇਹ ਸਾਰੀ ਗੱਲ, ਪੀਰ-ਖਾਨੇ ਦੇ ਢਾਹੁਣ ਕਰਕੇ ਹੋਈ ਹੈ ।"

"ਪਰ ਭਾਈ ਮੰਝ ਉਂਞ ਤਾਂ ਅਡੋਲ ਹੈ, ਡੋਲਿਆ ਤਾਂ ਨਹੀਂ ?"

"ਨਹੀਂ ਮਹਾਰਾਜ, ਉਹ ਬੜਾ ਸਿਦਕੀ ਹੈ ।"

"ਹੁਕਮਨਾਮਾ ਉਸਨੇ ਪੜ੍ਹਿਆ ਸੀ ?"

"ਜੀ ਹਾਂ ।"

"ਫਿਰ ਕੁਝ ਕਿਹਾ ?"

"ਨਹੀਂ ।"

ਇਹ ਪੁਛ ਕੇ ਸਤਿਗੁਰੂ ਜੀ ਚੁਪ ਹੋ ਗਏ ਤੇ ਸਿੱਖ ਆਪਣੇ ਹੋਰ ਕਿਸੇ ਕੰਮ ਵਿਚ ਜਾ ਲਗਾ ।

੬

ਸਿੱਖ ਨੂੰ ਭਾਈ ਮੰਝ ਕੋਲੋਂ ਆਏ ਨੂੰ ੧੦-੧੫ ਦਿਨ ਹੋਏ ਸਨ ਕਿ ਇਕ ਦਿਨ ਫਿਰ ਸਤਿਗੁਰੂ ਜੀ ਨੇ ਉਸ ਸਿੱਖ (ਮੇਵੜੇ) ਨੂੰ ਬੁਲਾਇਆ ਤੇ ਕਿਹਾ, "ਹੁਣ ਫਿਰ ਮੰਝ ਕੋਲ ਜਾਣਾ ਹੈ।"

"ਜਿਵੇਂ ਹੁਕਮ !"

"ਇਸ ਵੇਰਾਂ ਉਸਨੂੰ ਆਪਣੇ ਨਾਲ ਲਿਆਉਣਾ ਹੈ, ਘਰ ਛੱਡ ਕੇ ਨਹੀਂ ਆਉਣਾ।"

"ਸਤਿ ਬਚਨ !"

"ਸਾਡਾ ਹੁਕਮਨਾਮਾ, ਪਰ ਉਸ ਨੂੰ ੧੧) ਰੁਪਏ ਦਰਸ਼ਨ ਭੇਟਾ ਲੈ ਕੇ ਹੀ ਦੇਣਾ ਹੈ।"

"ਬਹੁਤ ਹੱਛਾ !"

ਸਤਿਗੁਰੂ ਜੀ ਨੇ ਹੁਕਮ ਨਾਮਾ ਲਿਖਿਆ, "ਭਾਈ ਮੰਝ ! ਹੁਣ ਪਿੰਡ ਨਹੀਂ ਰਹਿਣਾ, ਰਾਮਦਾਸ ਪੁਰੇ ਨੂੰ ਆ ਜਾ, ਇਥੇ ਰਹੁ; ਸੇਵਾ ਕਰ, ਸਮਾਂ ਆਉਣ ਤੇ ਤੈਨੂੰ ਸਿੱਖੀ ਮਿਲ ਜਾਏਗੀ।"

ਸਿੱਖ ਇਹ ਹੁਕਮਨਾਮਾ ਲੈ ਕੇ ਤੁਰ ਪਿਆ। ਚਾਰ ਪੰਜ ਦਿਨ ਰਸਤੇ ਵਿਚ ਲਗ ਗਏ। ਭਾਈ ਮੰਝ ਦੇ ਨਗਰ ਪੁਜ ਕੇ ਉਸ ਨੇ ਐਤਕੀਂ ਪਤਾ ਕੀਤਾ, ਤਾਂ ਪਤਾ ਲੱਗਾ ਕਿ ਭਾਈ ਨੂੰ ਉਸ ਦੇ ਭਾਈਚਾਰੇ ਨੇ ਘਰੋਂ ਵੀ ਕੱਢ ਦਿੱਤਾ ਹੈ। ਉਹ ਬਾਹਰ ਖੇਤਾਂ ਵਿਚ ਹੈ, ਉਥੇ ਹੀ ਉਸ ਨੇ ਝੁਗੀ ਪਾਈ ਹੋਈ ਹੈ ਤੇ ਮੇਹਨਤ ਮਜੂਰੀ ਕਰ ਕੇ ਢਿੱਡ ਭਰਦਾ ਹੈ, ਪਰ ਆਪਣੇ ਸਿਦਕ ਤੇ ਕਾਇਮ ਹੈ, ਭਾਈਚਾਰੇ ਦੀ ਕਾਣ ਨੂੰ ਉਸ ਨੇ ਐਸੀ ਲੱਤ ਮਾਰੀ ਹੈ, ਕਿ ਵੇਖਣ ਵਾਲੇ ਵੀ ਹੁਣ ਤਾਂ ਹੈਰਾਨ ਹੋ ਰਹੇ ਸਨ ਕਿ ਕਿਸ ਗੱਲ ਦੇ ਭਰੋਸੇ ਤੇ ਭਾਈ ਮੰਝ ਨੇ ਏਡਾ ਵੱਡਾ ਹਠ ਧਾਰਿਆ ਹੋਇਆ ਹੈ, ਉਸ ਨੇ ਆਪਣੀ ਆਨ ਨਹੀਂ ਰੱਖੀ, ਸਗੋਂ ਸਿੱਖੀ ਦੀ ਆਨ ਰੱਖੀ ਹੋਈ ਹੈ। ਉਸ ਨੂੰ ਜੇ ਕੋਈ ਆਖਦਾ, ਤਾਂ ਉਹ ਕਹਿੰਦਾ, "ਭਾਈ ਸਿੱਖੀ ਬੜੀ ਅਮੋਲਕ ਵਸਤੂ ਹੈ, ਜਿਸ ਦੇ ਵੱਡੇ ਭਾਗ ਹੋਣ

ਉਸ ਨੂੰ ਪ੍ਰਾਪਤ ਹੁੰਦੀ ਹੈ।"

"ਪਰ ਤੇਰੇ ਵੱਡੇ ਭਾਗ ਕਦੋਂ ਹੋਣਗੇ ? ਤੂੰ ਤਾਂ ਕੱਖਾਂ ਤੋਂ ਵੀ ਹੌਲਾ ਹੋ ਗਿਆ ਹੈਂ।"

"ਮੈਂ ਕੱਖਾਂ ਤੋਂ ਹੌਲਾ ਹਾਂ ਤਾਂ ਕੀ ਹੋਇਆ, ਮੇਰਾ ਗੁਰੂ ਜਿਸਦਾ ਮੈਂ ਸਿੱਖ ਬਣਨਾ ਹੈ, ਉਹ ਬੜਾ ਭਾਰਾ ਹੈ, ਉਸ ਦੀ ਮਿਹਰ ਹੋ ਲੈਣ ਦਿਉ, ਉਸਦੀ ਸੇਵਾ ਵਿਚ ਮੈਨੂੰ ਲਗ ਲੈਣ ਦਿਓ, ਫੇਰ ਤੁਸੀਂ ਦੇਖਣਾ ਕਿ ਭਾਈ ਮੰਝ ਕੱਖੋਂ ਹੌਲਾ ਹੈ, ਕਿ ਸਾਰੇ ਭਾਈਚਾਰੇ ਤੋਂ ਵੱਡਾ ਹੈ। ਏਸੇ ਭਾਈਚਾਰੇ ਨੇ ਜੇ ਮੈਨੂੰ ਹੀ ਮੇਰੇ ਗੂਰੂ ਪਾਸ ਲਿਜਾਣ ਲਈ ਨਾ ਕਿਹਾ, ਤਾਂ ਜੋ ਮਰਜ਼ੀ ਸਮਝ ਲੈਣਾ।"

ਭਾਈ ਮੰਝ ਨਾ ਮਿਹਨਤ ਤੋਂ ਡਰਦਾ, ਜੋ ਕੰਮ ਮਿਲਦਾ ਓਹੋ ਹੀ ਕਰ ਲੈਂਦਾ, ਲੱਕੜਾਂ ਪਾੜ ਲੈਂਦਾ, ਘਾਹ ਵੱਢ ਲਿਆਉਂਦਾ ਤੇ ਵੇਚਦਾ, ਬਸ ਇਉਂ ਦਿਨ ਕਟੀ ਕਰ ਰਿਹਾ ਸੀ।

ਅੰਮ੍ਰਿਤਸਰੋਂ ਆਏ ਸਿੱਖ ਨੇ ਜਦ ਇਹ ਸਾਰੀ ਹਾਲਤ ਪਿੰਡ ਦੇ ਕਿਸੇ ਆਦਮੀ ਕੋਲੋਂ ਸੁਣੀ, ਤਾਂ ਉਸ ਦਾ ਹਿਰਦਾ ਦ੍ਰਵ ਗਿਆ। ਉਹ ਸੋਚਣ ਲੱਗ ਪਿਆ ਕਿ ਐਤਕੀਂ ਭਾਈ ਮੰਝ ਗੁਰੂ ਦੇ ਹੁਕਮ ਦੀ ਕਿਵੇਂ ਪਾਲਣਾ ਕਰੇਗਾ ? ਸਿੱਖ ਸੋਚਦਾ ਸੋਚਦਾ ਭਾਈ ਮੰਝ ਦੀ ਕੁਟੀਆ ਕੋਲ ਜਾ ਪੁਜਾ। ਅਗੇ ਉਸ ਦੀ ਇਸਤਰੀ ਅਤੇ ਲੜਕੀ ਝੁਗੀ ਦੇ ਅੰਦਰ ਸਨ ਤੇ ਭਾਈ ਮੰਝ ਬਾਹਰ ਹੀ ਬੈਠਾ ਸੀ।

ਦੂਰੋਂ ਹੀ ਭਾਈ ਮੰਝ ਨੇ ਵੇਖਿਆ ਕਿ ਸਤਿਗੁਰੂ ਜੀ ਨੇ ਜਿਸ ਸਿੱਖ ਨੂੰ ਅਗੇ ਮੇਰੇ ਵਲ ਭੇਜਿਆ ਸੀ, ਹੁਣ ਵੀ ਓਹੀ ਮੇਰੇ ਵੱਲ ਆ ਰਿਹਾ ਹੈ। ਸ਼ਾਇਦ ਹੁਣ ਫਿਰ ਸਤਿਗੁਰੂ ਜੀ ਵਲੋਂ ਹੁਕਮਨਾਮਾ ਹੀ ਲੈ ਕੇ ਆਇਆ ਹੋਵੇਗਾ, ਪਰ ਜੇ ਦਰਸ਼ਨ-ਭੇਟਾ ਹੁਣ ਵੀ ਰੁਪਏ ਦੇਣ ਲਈ ਕਿਹਾ ਤਾਂ ਫਿਰ ਕੀ ਬਣੇਗਾ ? ਸਿੱਖ ਅਜੇ ਦੂਰ ਹੀ ਸੀ ਕਿ ਭਾਈ ਮੰਝ ਦੇ ਦਿਮਾਗ ਵਿਚ ਇਹ ਸਾਰੇ ਖਿਆਲ ਆਏ ਪਰ ਝਟ ਹੀ ਸਿੱਖੀ ਨੂੰ ਪ੍ਰਾਪਤ ਕਰਨ ਦੀ ਤੀਬਰ-ਇੱਛਾ ਰੱਖਣ ਵਾਲੇ ਭਾਈ ਮੰਝ ਨੂੰ ਇਨ੍ਹਾਂ ਦੇ ਜੁਆਬ ਵੀ ਸੁਝ ਗਏ। ਉਸ ਨੇ ਨਿਰਾਸਤਾ ਨੂੰ ਦੂਰੋਂ ਹੀ ਧੱਕਾ ਦੇ ਕੇ, ਆਪਣੇ ਮਨ ਦੇ ਵਿਹੜੇ ਵਿਚੋਂ ਬਾਹਰ ਕੱਢ ਦਿਤਾ।

ਏਨੇ ਚਿਰ ਨੂੰ ਸਿੱਖ ਨੇੜੇ ਆ ਗਿਆ ਤੇ ਭਾਈ ਮੰਝ ਜੀ ਨੇ ਅਗੋਂ ਖੜੇ ਹੋ ਕੇ ਉਸ ਦਾ ਸੁਆਗਤ ਕਰਦਿਆਂ ਕਿਹਾ, "ਆਓ ਧੰਨ ਭਾਗ, ਜੋ ਇਸ

ਗਰੀਬ ਨੂੰ, ਇਸ ਨਿਮਾਣੇ ਨੂੰ, ਯਾਦ ਕੀਤਾ ਹੈ। "ਸੁਣਾਓ, ਸਤਿਗੁਰੂ ਜੀ ਅਨੰਦ ਪ੍ਰਸੰਨ ਸਨ।"

"ਹਾਂ!"

ਉਸ ਸਿੱਖ ਨੇ ਕਿਹਾ, ਤੇ ਭਾਈ ਮੰਝ ਨੇ ਇਕ ਛੋਟੇ ਜੇਹੇ ਮੰਜੇ ਨੂੰ ਲਿਆ ਕੇ ਡਾਹ ਦਿੱਤਾ ਤੇ ਸਿੱਖ ਨੂੰ ਬੜੇ ਪ੍ਰੇਮ ਨਾਲ ਬਿਠਾ ਲਿਆ। ਫਿਰ ਚਰਨ ਧੋਤੇ ਤੇ ਹੋਰ ਜਲ ਪਾਣੀ ਆਦਿਕ ਦੀ, ਜੋ ਵੀ ਸੇਵਾ ਹੋ ਸਕਦੀ ਸੀ, ਬੜੇ ਪ੍ਰੇਮ ਨਾਲ ਕੀਤੀ।

"ਸਤਿਗੁਰਾਂ ਦਾ ਹੁਕਮਨਾਮਾ ਲੈ ਕੇ ਆਏ ਹੋ?" ਭਾਈ ਮੰਝ ਨੇ ਪੁਛਿਆ।

"ਹਾਂ।"

"ਫਿਰ....." ਕਹਿ ਕੇ ਭਾਈ ਮੰਝ ਰੁਕ ਗਿਆ। 'ਦਿਓ' ਲਫ਼ਜ਼ ਉਸ ਦੇ ਹਿਰਦੇ ਤੋਂ ਬਾਹਰ ਨਾ ਨਿਕਲਿਆ। ਉਸ ਨੂੰ ਦਿੱਸਦਾ ਸੀ ਤੇ ਉਸ ਦਾ ਮਨ ਕਹਿੰਦਾ ਸੀ ਕਿ ਸਤਿਗੁਰੂ ਮੇਰਾ ਇਮਤਿਹਾਨ ਲੈ ਰਹੇ ਹਨ। ਸਿੱਖ ਨੂੰ ਦਰਸ਼ਨ ਭੇਟਾ ਲੈਣ ਲਈ ਉਨ੍ਹਾਂ ਨੇ ਜ਼ਰੂਰ ਕਿਹਾ ਹੋਵੇਗਾ।

"ਪਰ ਸਤਿਗੁਰੂ ਜੀ ਨੇ ਹੁਕਮਨਾਮਾ ਦੇਣ ਤੋਂ ਪਹਿਲੇ, ਇਕ ਹੋਰ ਹੁਕਮ ਕੀਤਾ ਹੋਇਆ ਹੈ।"

"ਕੀ ? ਦਰਸ਼ਨ ਭੇਟਾ ਦਾ ?"

"ਹਾਂ।"

"ਠੀਕ ਹੈ, ਮੈਂ ਹੁਣੇ ਪ੍ਰਬੰਧ ਕਰਦਾ ਹਾਂ।"

ਭਾਈਚਾਰੇ ਨਾਲ ਵਿਗਾੜ ਪੈਣ ਤੋਂ ਪਹਿਲੇ ਉਸ ਨੇ ਆਪਣੀ ਲੜਕੀ ਦਾ ਰਿਸ਼ਤਾ ਕਿਸੇ ਹੋਰ ਪਿੰਡ ਕੀਤਾ ਹੋਇਆ ਸੀ, ਤੇ ਇਨ੍ਹਾਂ ਹੀ ਦਿਨਾਂ ਵਿਚ ਵਿਆਹ ਕਰ ਦੇਣ ਦਾ ਇਕਰਾਰ ਸੀ, ਪਰ ਹੁਣ ਭਾਈਚਾਰੇ ਦੇ ਵਿਗੜ ਜਾਣ ਨਾਲ ਇਹ ਰਿਸ਼ਤਾ ਲਮਕਿਆ ਹੋਇਆ ਸੀ। ਭਾਈ ਮੰਝ ਅੰਦਰ ਗਿਆ ਤੇ ਘਰ ਵਾਲੀ ਨੂੰ ਕਹਿਣ ਲੱਗਾ, ਹੁਣ ਕੀ ਬਣੇ। "ਸਤਿਗੁਰਾਂ ਨੇ ਦਰਸ਼ਨ-ਭੇਟਾ ਦੇਣ ਦਾ ਹੁਕਮ ਕੀਤਾ ਹੋਇਆ ਹੈ, ਸਿੱਖ ਦਰਸ਼ਨ-ਭੇਟਾ ਮੰਗਦਾ ਹੈ।"

"ਅਸੀਂ ਤਾਂ ਮੁਸੀਬਤਾਂ ਵਿਚ ਫਸ ਗਏ।" ਸਿੱਖਣੀ ਕੁਝ ਡੋਲੀ, ਪਰ ਭਾਈ ਮੰਝ ਨੇ ਝਟ ਹੀ ਉਸਦੇ ਮੂੰਹ ਅਗੇ ਹੱਥ ਦੇ ਕੇ ਉਸ ਨੂੰ ਹੋਰ ਕੁਝ ਕਹਿਣੋਂ ਰੋਕ ਦਿਤਾ ਤੇ ਕਿਹਾ, ਤੈਨੂੰ ਨਹੀਂ ਪਤਾ ਅਜੇ ਸਤਿਗੁਰੂ ਸਾਡੀ ਏਨੀ ਪ੍ਰੀਖਿਆ ਕਿਉਂ

ਲੈ ਰਹੇ ਹਨ, ਤੂੰ ਚੁਪ ਰਹੁ, ਤੇ ਆ ਬਾਹਰ ਚਲੀਏ, ਮੈਂ ਤੈਨੂੰ ਇਕ ਗੱਲ ਸਮਝਾਂਦਾ ਹਾਂ।" ਭਾਈ ਮੰਝ ਆਪਣੀ ਪਤਨੀ ਨਾਲ ਝੁਗੀ ਵਿਚੋਂ ਬਾਹਰ ਨਿਕਲਿਆ, "ਸਿੱਖ ਨੂੰ ਕਿਹਾ, ਤੁਸੀਂ ਬੈਠੋ ਅਸੀਂ ਪਹਿਲੇ ਦਰਸ਼ਨ ਭੇਟਾ ਦਾ ਪ੍ਰਬੰਧ ਕਰਨ ਚਲੇ ਹਾਂ, ਹੁਣੇ ਆ ਜਾਵਾਂਗੇ।"

ਪਿੰਡ ਵਿਚੋਂ ਉਹ ਬੰਦਾ ਸ਼ਗੀਕੇ ਵਿਚੋਂ ਹੀ ਸੀ, ਜਿਸ ਨੇ ਭਾਈ ਮੰਝ ਦੀ ਲੜਕੀ ਦਾ ਰਿਸ਼ਤਾ ਕਰਾਇਆ ਸੀ, ਫੇਰ ਵੀ ਉਹ ਇਤਨਾ ਕੱਟੜ ਵਿਰੋਧੀ ਨਹੀਂ ਸੀ, ਤੇ ਉਸ ਨੇ ਕਈ ਵਾਰ ਭਾਈ ਮੰਝ ਦੀ ਹਾਲਤ ਤੇ ਹਮਦਰਦੀ ਵੀ ਪ੍ਰਗਟ ਕੀਤੀ ਸੀ, ਪਰ ਸ਼ਰੀਕੇ ਤੇ ਭਾਈਚਾਰੇ ਦੇ ਡਰ ਤੋਂ ਉਸ ਨੇ ਭਾਈ ਮੰਝ ਦੀ ਮਦਦ ਕੋਈ ਨਹੀਂ ਕੀਤੀ ਸੀ। ਹੁਣ ਭਾਈ ਮੰਝ ਤੇ ਉਸਦੀ ਪਤਨੀ ਝੁਗੀ ਤੋਂ ਬਾਹਰ ਨਿਕਲ ਕੇ ਸਿਧੇ ਉਸੇ ਬੰਦੇ ਵਲ ਤੁਰ ਪਏ। ਭਾਈ ਮੰਝ ਨੇ ਕਿਹਾ, "ਮੈਨੂੰ ਤਾਂ ਹੁਣ ਦਰਸ਼ਨ-ਭੇਟਾ ਪ੍ਰਾਪਤ ਕਰਨ ਦਾ ਇਕੋ ਹੀ ਢੰਗ ਨਜ਼ਰ ਆਉਂਦਾ ਹੈ?"

"ਠੀਕ ਹੈ, ਪਰ ਕੀ ਪਤਾ ਉਹ ਮੰਨੇ ਕਿ ਨਾ?"

"ਨਹੀਂ, ਉਸ ਨੂੰ ਮਨਾ ਲਵਾਂਗੇ, ਉਹ ਮੈਨੂੰ ਕਈ ਵਾਰ ਮਿਲਿਆ ਵੀ ਹੈ ਤੇ ਉਸ ਨੇ ਮੇਰੇ ਨਾਲ ਹਮਦਰਦੀ ਵੀ ਪ੍ਰਗਟ ਕੀਤੀ ਹੈ, ਪਰ ਭਾਈਚਾਰੇ ਤੋਂ ਡਰਦਾ ਹੈ, ਹੋਰ ਕੋਈ ਗੱਲ ਉਸਨੇ ਕੀਤੀ ਹੈ, ਨਹੀਂ ਪਰ ਦਿਲੋਂ ਚਾਹੁੰਦਾ ਹੈ।"

"ਪਰ ਹੁਣ ਜੇ ਉਹ ਮੰਨ ਵੀ ਜਾਏ, ਤਾਂ ਫੇਰ ਕੀ ਕਰੋਗੇ, ਵਿਆਹ ਤਾਂ ਇਸ ਵੇਲੇ ਹੋ ਹੀ ਨਹੀਂ ਸਕਦਾ।"

"ਮੈਂ ਹੁਣ ਉਸ ਨੂੰ ਵਿਆਹ ਲਈ ਥੋੜਾ ਕਹਿਣਾ ਹੈ?"

"ਕੀ ਕਹਿਣਾ?"

"ਇਹੋ ਹੀ, ਕਿ ਲੜਕੀ ਨੂੰ ਉਸ ਦੇ ਹਵਾਲੇ ਕਰ ਦੇਣਾ ਹੈ, ਉਹ ਜੋ ਮਰਜ਼ੀ ਹੈ ਕਰੇ, ਵਿਆਹ ਕਰੇ ਜਾਂ ਉਸ ਤਰ੍ਹਾਂ ਹੀ ਦੇ ਦੇਵੇ।"

"ਪਰ ਸਿਰਫ ੧੧) ਰੁਪਏ ਵਿਚ ਲੜਕੀ ਦੇ ਦੇਵੋਗੇ?"

"ਹੋਰ ਕੀ ਕਰਾਂਗੇ?"

ਇਸਤਰੀ ਕੁਝ ਕਹਿਣਾ ਚਾਹੁੰਦੀ ਸੀ, ਪਰ ਉਸ ਨੂੰ ਯਕੀਨ ਸੀ ਕਿ ਭਾਈ ਮੰਝ ਨੇ ਆਪਣੇ ਹਠ ਤੋਂ ਨਹੀਂ ਮੁੜਨਾ, ਇਸ ਦੇ ਮਨ ਵਿਚ ਜੋ ਆਈ ਹੈ,

ਇਸ ਨੇ ਕਰਕੇ ਹੀ ਰਹਿਣਾ ਹੈ। ਇਸ ਲਈ ਉਹ ਬੋਲੀ ਨਾ, ਤੇ ਚੁਪ ਕਰਕੇ ਭਾਈ ਮੰਝ ਦੇ ਨਾਲ ਤੁਰੀ ਗਈ।

"ਭਾਈ ਦਿਆਲ ਜ਼ਰਾ ਬਾਹਰ ਆਉਣਾ।" ਭਾਈ ਮੰਝ ਨੇ ਬੂਹੇ ਅਗੇ ਜਾ ਕੇ ਆਵਾਜ਼ ਦਿਤੀ।

"ਆਓ, ਕੌਣ, ਤੀਰਥਾ?" ਦਿਆਲ ਨੇ ਬਾਹਰ ਆ ਕੇ ਕਿਹਾ। ਪਹਿਲਾ ਨਾਮ ਭਾਈ ਮੰਝ ਦਾ ਤੀਰਥ ਹੀ ਸੀ। ਇਸ ਲਈ ਉਸਨੇ ਤੀਰਥ ਹੀ ਕਿਹਾ ਤੇ ਪੁਛਿਆ "ਕੀ ਗੱਲ ਹੈ? ਇਸ ਵੇਲੇ ਆਏ ਹੋ?"

"ਕੋਈ ਕੰਮ ਹੈ ਪਰ ਕੰਮ ਏਥੇ ਨਹੀਂ ਦੱਸਣਾ, ਜ਼ਰਾ ਬਾਹਰ ਚਲੋ, ਏਥੇ ਸਾਨੂੰ ਆਇਆ ਵੇਖ ਕੇ ਕੋਈ ਤੁਹਾਨੂੰ ਭੀ ਨੁਕਸਾਨ ਨਾ ਪਹੁੰਚੇ!"

"ਏਹੋ ਜਿਹਾ ਕੀ ਕੰਮ ਪੈ ਗਿਆ।"

"ਬੜਾ ਜ਼ਰੂਰੀ ਹੈ ਤੇ ਸਾਡਾ ਤਰਲਾ ਹੈ।"

ਤਰਲਾ ਲਫ਼ਜ਼ ਸੁਣ ਕੇ ਦਿਆਲ ਦੇ ਮਨ ਵਿਚ ਪਤਾ ਨਹੀਂ ਕੀ ਆਈ ਕਿ ਉਹ ਭਾਈ ਮੰਝ ਦੇ ਨਾਲ ਬਾਹਰ ਨੂੰ ਤੁਰ ਪਿਆ। ਪਿੰਡੋਂ ਬਾਹਰ ਜਾ ਕੇ ਉਹ ਖੇਤਾਂ ਵਿਚ ਬਹਿ ਗਏ ਤੇ ਭਾਈ ਮੰਝ ਨੇ ਕਿਹਾ, "ਤੂੰ ਸਾਡੀ ਹਾਲਤ ਨੂੰ ਤਾਂ ਜਾਣਦਾ ਹੀ ਹੈਂ, ਇਸ ਵੇਲੇ ਅਸੀਂ ਬੜੀ ਪ੍ਰੀਖਿਆ ਦੇ ਦੌਰ ਵਿਚੋਂ ਲੰਘ ਰਹੇ ਹਾਂ, ਪਰ ਮੈਂ ਇਸ ਪ੍ਰੀਖਿਆ ਨੂੰ ਪਾਸ ਕਰਨ ਦੀ ਮਨ ਵਿਚ ਪੱਕੀ ਧਾਰੀ ਹੋਈ ਹੈ।"

"ਓਹ ਤਾਂ ਮੈਂ ਸਭ ਕੁਝ ਜਾਣਦਾ ਹੀ ਹਾਂ, ਪਰ ਤੁਸੀਂ ਹੁਣ ਕੀ ਕਰਨ ਆਏ ਹੋ ਤੇ ਕੀ ਕੰਮ ਹੈ।"

"ਕੰਮ? ਜੇ ਤੁਸੀਂ ਕਰ ਦਿਓ, ਤਾਂ ਮੈਂ ਆਪਣੀ ਲੜਕੀ ਨੂੰ ਤੁਹਾਡੇ ਹਵਾਲੇ ਕਰ ਦੇਵਾਂਗਾ! ਤੁਸੀਂ ਜਿਥੇ ਉਸ ਨੂੰ ਮੰਗਿਆ ਹੋਇਆ ਹੈ, ਉਨ੍ਹਾਂ ਦੇ ਹਵਾਲੇ ਕਰ ਦਿਓ, ਜਾਂ ਜੋ ਤੁਹਾਡੀ ਮਰਜ਼ੀ ਹੋਵੇ ਕਰੋ।"

"ਹੈਂ ਲੜਕੀ ਉਤੇ ਗੱਲ ਆ ਗਈ ਹੈ? ਕੀ ਕੰਮ ਹੈ?"

"ਅਸਾਂ ੧੧) ਰੁਪਏ ਦਰਸ਼ਨ-ਭੇਟ ਦੇਣੀ, ਓਹ ਸਾਨੂੰ ਚਾਹੀਦੇ ਹਨ?"

"੧੧) ਰੁਪਏ?"

"ਹਾਂ।"

"ਲੜਕੀ ਮੇਰੇ ਹਵਾਲੇ ਕਰ ਦਿਓਗੇ।"

"ਬਿਲਕੁਲ।"

ਦਿਆਲ ਇਹ ਗੱਲ ਸੁਣ ਕੇ ਹੈਰਾਨ ਵੀ ਬੜਾ ਹੋਇਆ ਕਿ ਇਹ ਕਿਤਨਾ ਮੂਰਖ ਹੈ ਕਿ ਲੜਕੀ ਨੂੰ ਵੀ ਸਿੱਖੀ ਖਾਤਰ ਕੁਰਬਾਨ ਕਰ ਰਿਹਾ ਹੈ, ਪਰ ਹੱਛਾ ਮੈਨੂੰ ਤਾਂ ਫਾਇਦਾ ਹੀ ਫਾਇਦਾ ਹੈ, ਮੈਂ ਜਿਥੇ ਮੰਗੀ ਹੋਈ ਹੈ, ਉਥੋਂ ਦੋ ਚਾਰ ਸੌ ਲੈ ਲਵਾਂਗਾ, ਇਸ ਲਈ ਮੈਨੂੰ ਫਾਇਦਾ ਹੀ ਹੈ, ਪਰ ਮੰਝ ਨੇ ਖੌਰੇ ਕੀ ਸੋਚਿਆ ਹੈ? ਜੇ ਉਹ ਲੜਕੀ ਦਾ ਸੌ ਦੋ ਸੌ ਮੰਗਦਾ ਤਾਂ, ਮੈਂ ਏਤਨਾ ਵੀ ਦੇਣ ਲਈ ਤਿਆਰ ਹੋ ਜਾਣਾ ਸੀ। ਇਹੋ ਗੱਲਾਂ-ਵਿਚਾਰ ਕੇ ਦਿਆਲੇ ਨੇ ਭਾਈ ਮੰਝ ਨੂੰ ਏਥੇ ਹੀ ਠਹਿਰਨ ਲਈ ਕਿਹਾ, ਤੇ ਆਪ ਰੁਪਏ ਲੈਣ ਚਲਾ ਗਿਆ।

ਭਾਈ ਮੰਝ ਵੀ ਸਮਝਦਾ ਸੀ ਕਿ ਮੈਂ ਲੜਕੀ ਦੇ ਕੇ ਵਧੇਰੇ ਰੁਪਏ ਲੈ ਸਕਦਾ ਹਾਂ, ਪਰ ਉਹ ਲੜਕੀ ਨੂੰ ਵੇਚਣਾ ਪਾਪ ਸਮਝਦਾ ਸੀ, ਇਸ ਲਈ ਉਸ ੧੧) ਰੁਪਏ ਹੀ ਮੰਗੇ ਸਨ, ਜਿਹੜੇ ਕਿ ਉਸ ਨੇ ਦਰਸ਼ਨ-ਭੇਟਾ ਦੇਣੇ ਸਨ। ਇਸ ਤਰ੍ਹਾਂ ਕਰਕੇ ਉਹ ਲੜਕੀ ਵੇਚਣ ਦਾ ਪਾਪ ਕਰਨ ਤੋਂ ਵੀ ਬਚ ਗਿਆ, ਤੇ ਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਵੀ ਕਰ ਗਿਆ।

ਕੁਝ ਚਿਰ ਵਿਚ ਹੀ ਭਾਈ ਦਿਆਲ ੧੧) ਰੁਪਏ ਲੈ ਕੇ ਆ ਗਿਆ, ਤੇ ਮੰਝ ਉਸ ਨੂੰ ਆਪਣੇ ਨਾਲ ਲੈ ਆਇਆ। ਇਸਤਰੀ ਅਗੇ ਹੀ ਲੜਕੀ ਨੂੰ ਨਾਲ ਲੈ ਕੇ ਬਾਹਰ ਖੜੀ ਸੀ ਤੇ ਉਸ ਨੇ ਆਪਣੀ ਲੜਕੀ ਨੂੰ ਸਾਰੀ ਗੱਲ ਸਮਝਾ ਦਿਤੀ ਸੀ ਤੇ ਪਿਤਾ ਦੇ ਸਿੱਖੀ ਪ੍ਰਾਪਤ ਕਰਨ ਤੇ ਗੁਰ ਹੁਕਮਾਂ ਦੇ ਪਾਲਣ ਦੀ ਸਾਰੀ ਵਿਥਿਆ ਦੱਸ ਕੇ ਕਿਹਾ ਸੀ, "ਤੂੰ ਘਬਰਾਈਂ ਨਾ ਅਡੋਲ ਰਹੀਂ। ਪਿਤਾ ਤੇਰਾ ਪੂਰੇ ਗੁਰੂ ਦੇ ਲੜ ਲਗਾ ਹੈ, ਜੋ ਸਿੱਖਾਂ ਦੀ ਦੋਹਾਂ ਲੋਕਾਂ ਵਿਚ ਸਹਾਇਤਾ ਕਰਦੇ ਹਨ, ਇਸ ਲਈ ਤੂੰ ਜੇ ਔਕੜ ਬਣੇ ਤਾਂ ਗੁਰੂ ਨੂੰ ਯਾਦ ਕਰੀਂ ਗੁਰੂ ਸਮਰਥ ਹਨ, ਕਰਨ-ਕਾਰਨ ਹਨ, ਇਸ ਗੱਲ ਦਾ ਮੈਨੂੰ ਵੀ ਯਕੀਨ ਹੋ ਗਿਆ ਹੈ। ਮੈਂ ਅਜੇ ਦਰਸ਼ਨ ਨਹੀਂ ਕੀਤੇ ਪਰ ਤੇਰੇ ਪਿਤਾ ਦੇ ਸਿਦਕ ਦ੍ਰਿੜ੍ਹ-ਵਿਸ਼ਵਾਸ ਤੇ ਭਰੋਸੇ ਨੇ ਹੀ ਮੇਰੇ ਵਿਚ ਐਸੇ ਭਰੋਸੇ ਨੂੰ ਪੈਦਾ ਕਰ ਦਿਤਾ ਹੈ।"

ਭਾਈ ਮੰਝ ਨੇ ਵੀ ਲੜਕੀ ਦੇ ਸਿਰ ਤੇ ਪਿਆਰ ਦਿਤਾ ਤੇ ਕਿਹਾ, 'ਲੈ ਪੁੱਤਰ, ਅੱਜ ਤੋਂ ਤੇਰਾ ਪਿਤਾ ਇਹ ਈ, ਯਾਦ ਰਖੀਂ, ਜੇ ਇਹ ਖੂਹ ਵਿਚ ਸੁਟੇ ਤਾਂ ਪਿਤਾ ਦਾ ਹੁਕਮ ਸਮਝਕੇ ਡਿਗ ਪਈਂ, ਜੇ ਅੱਗ ਵਿਚ ਛਾਲ ਮਾਰਨ ਲਈ ਕਹੇ ਤਾਂ ਅੱਗ ਵਿਚ ਛਾਲ ਮਾਰ ਦੇਈਂ, ਅਤੇ ਜਿਵੇਂ ਮੇਰਾ ਕਿਹਾ ਮੰਨਦੀ ਸੈਂ;

ਮੈਨੂੰ ਪਿਤਾ ਸਮਝਦੀ ਹੈਂ, ਇਸ ਨੂੰ ਇਸੇ ਤਰ੍ਹਾਂ ਹੀ ਜਾਣਨਾ ਈਂ। ਯਾਦ ਰੱਖ ਜੇ ਤੂੰ ਮੇਰੀ ਇਸ ਸਿਖਿਆ ਨੂੰ ਯਾਦ ਰਖਿਆ ਤਾਂ ਮੇਰਾ ਗੁਰੂ ਹਰ ਔਕੜ ਸਮੇਂ ਤੇਰੀ ਸਹਾਇਤਾ ਕਰੇਗਾ, ਤੈਨੂੰ ਦੁਖ ਆਏਗਾ ਹੀ ਨਹੀਂ ਤੇ ਤੂੰ ਇਸ ਗੱਲ ਤੇ ਹਮੇਸ਼ਾਂ ਪੱਕੀ ਰਹੀਂ।"

ਭਾਈ ਮੰਝ ਦੀਆਂ ਗੱਲਾਂ ਦਿਆਲ ਨੇ ਵੀ ਸੁਣੀਆਂ ਤੇ ਲੜਕੀ ਨੇ ਵੀ। ਭਾਈ ਮੰਝ ਨੇ ਇਸ਼ਾਰਾ ਕੀਤਾ ਤੇ ਲੜਕੀ ਦਿਆਲੇ ਦੇ ਮਗਰ ਤੁਰ ਪਈ ਤੇ ਉਸ ਦੇ ਨਾਲ ਉਸ ਦੇ ਘਰ ਆ ਗਈ। ਘਰ ਆ ਕੇ ਜਦ ਲੜਕੀ ਨੇ ਮਾਂ ਦੀ ਸਿਖਿਆ ਵੀ ਦਿਆਲੇ ਨੂੰ ਦੱਸੀ, ਤਾਂ ਉਸਦਾ ਮਨ ਬਦਲ ਗਿਆ ਕਿ ਇਹ ਮਨੁੱਖ ਹਨ ਕਿ ਦੇਵਤੇ! ਸੁਣਦੇ ਸਾਂ ਕਿ ਫਲਾਣੇ ਨੇ ਏਨੀ ਘਾਲ ਕਮਾਈ ਕੀਤੀ ਤੇ ਉਸ ਨੂੰ ਆਹ ਫਲ ਮਿਲਿਆ ਪਰ ਭਾਈ ਮੰਝ ਦੀ ਕਮਾਈ ਕੋਈ ਘਟ ਤਾਂ ਨਹੀਂ, ਇਸ ਨੂੰ ਖੌਰੇ ਕਿੰਨਾ ਵਡਾ ਫਲ ਮਿਲਣਾ ਹੈ। ਸੋ ਭਾਈ ਦਿਆਲੇ ਨੇ ਸਚਮੁਚ ਹੀ ਪਿਤਾ ਬਣ ਕੇ ਲੜਕੀ ਨੂੰ ਜਿਥੇ ਉਹ ਮੰਗੀ ਹੋਈ ਸੀ ਉਥੇ ਹੀ ਵਿਆਹ ਦਿਤਾ। ਤੇ ਜਦ ਲੜਕੀ ਦੇ ਪਤੀ ਤੇ ਸਹੁਰੇ ਨੂੰ ਭਾਈ ਮੰਝ ਦੀ ਇਸ ਘਾਲ ਕਮਾਈ ਦਾ ਪਤਾ ਲੱਗਾ, ਤਾਂ ਉਹ ਵੀ ਦਿਲੋਂ ਮਨੋਂ ਭਾਈ ਮੰਝ ਦੇ ਸ਼ਰਧਾਲੂ ਬਣ ਗਏ ਪਰ ਭਾਈ ਮੰਝ ਇਸ ਸਮੇਂ ਤਕ ਅੰਮ੍ਰਿਤਸਰ ਜਾ ਚੁਕਾ ਸੀ।

ਹੁਣ ਉਧਰ ਦੀ ਗੱਲ ਸੁਣੋ। ਭਾਈ ਮੰਝ ਨੇ ਦਿਆਲੇ ਕੋਲੋਂ ੧੧) ਰੁਪਏ ਲਏ ਤੇ ਸਿੱਖ ਦੇ ਅਗੇ ਲਿਜਾ ਰਖੇ ਤੇ ਦੇਰੀ ਦੀ ਖਿਮਾਂ ਮੰਗੀ। ਸਿੱਖ ਨੂੰ ਭਾਵੇਂ ਕਿਸੇ ਨੇ ਕੁਝ ਦਸਿਆ ਨਹੀਂ ਸੀ, ਪਰ ਉਹ ਸਭ ਕੁਝ ਤਾੜ ਗਿਆ ਸੀ ਤੇ ਲੜਕੀ ਨੂੰ ਨਾਲ ਲਿਜਾ ਕੇ, ਫਿਰ ਵਾਪਸ ਨਾ ਮੁੜਨ ਤੇ ਹੀ ਸਭ ਕੁਝ ਸਮਝ ਗਿਆ ਸੀ, ਪਰ ਚੁਪ-ਚਾਪ ਇਹ ਡਰਾਮਾ ਵੇਖ ਰਿਹਾ ਸੀ। ਕਦੇ ਗੁਰੂ ਜੀ ਦੀ ਸਖਤ ਪ੍ਰੀਖਿਆ ਦਾ ਖਿਆਲ ਕਰਦਾ, ਕਦੀ ਸਖਤ ਪ੍ਰੀਖਿਆ ਦੇਣ ਵਾਲੇ ਨੂੰ ਅਡੋਲ ਵੇਖ ਰਿਹਾ ਸੀ। ਇਹ ਅਮੋਲਕ ਦ੍ਰਿਸ਼ ਉਸ ਨੂੰ ਅੰਦਰੋਂ ਅੰਦਰੀ ਭਾਈ ਮੰਝ ਦੇ ਚਰਨੀਂ ਸੀਸ ਨਿਵਾ ਰਿਹਾ ਸੀ।

ਸਿੱਖ ਨੇ ਰੁਪਏ ਲਏ ਤੇ ਹੁਕਮਨਾਮਾ ਭਾਈ ਮੰਝ ਦੇ ਹਵਾਲੇ ਕਰ ਦਿੱਤਾ ਭਾਈ ਮੰਝ ਨੇ ਸਿਰ ਮੱਥੇ ਤੇ ਰਖ ਕੇ ਫਿਰ ਕਾਗਜ਼ ਨੂੰ ਖੋਲ੍ਹਿਆ ਤੇ ਹੁਕਮਨਾਮਾ ਪੜ੍ਹਿਆ, "ਅੰਮ੍ਰਿਤਸਰ ਚਲੇ ਆਓ" ਦਾ ਹੁਕਮ ਪੜ੍ਹ ਕੇ ਉਸ ਨੂੰ ਤਾਂ ਕੋਈ

ਅਗੰਮੀ ਖੁਸ਼ੀ ਚੜ੍ਹ ਗਈ, ਚਾਅ ਪੈਦਾ ਹੋ ਗਿਆ।

ਸਿੱਖ ਦੀ ਜੋ ਸੇਵਾ ਹੋ ਸਕਦੀ ਸੀ ਕੀਤੀ, ਅਤੇ ਰਾਤ ਸਭ ਨੇ ਬਿਸਰਾਮ ਕੀਤਾ।

ਦਿਨ ਚੜ੍ਹਦੇ ਹੀ ਭਾਈ ਮੰਝ, ਉਸ ਦੀ ਇਸਤਰੀ ਤੇ ਅੰਮ੍ਰਿਤਸਰੋਂ ਆਇਆ ਸਿੱਖ, ਤਿੰਨੇ ਜਣੇ ਹੀ ਤੁਰ ਪਏ, ਜਿਹੜਾ ਮਾੜਾ ਮੋਟਾ ਸਾਮਾਨ, ਕਪੜਾ ਆਦਿ ਨਾਲ ਲਿਜਾ ਸਕਦੇ ਸਨ, ਉਹ ਲੈ ਲਿਆ ਤੇ ਬਾਕੀ ਲੋੜਵੰਦਾਂ ਦੇ ਹਵਾਲੇ ਕਰਕੇ ਪਿੰਡੋਂ ਨਿਕਲ ਤੁਰੇ।

੭

ਭਾਈ ਮੰਝ ਤੇ ਉਸ ਦੀ ਪਤਨੀ ਅਤੇ ਉਹ ਸਿੱਖ, ਜੋ ਸ੍ਰੀ ਅੰਮ੍ਰਿਤਸਰ ਤੋਂ ਗੁਰੂ ਅਰਜਨ ਦੇਵ ਜੀ ਵਲੋਂ ਹੁਕਮਨਾਮਾ ਲੈ ਕੇ ਆਇਆ ਸੀ, ਇਹ ਤਿੰਨੇ ਜਣੇ, ਸ੍ਰੀ ਅੰਮ੍ਰਿਤਸਰ ਵਲ ਤੁਰੇ। ਰਸਤੇ ਵਿਚ ਤੁਰੇ ਆਉਂਦੇ ਭਾਈ ਮੰਝ ਨੇ ਕਿਹਾ, "ਗੁਰ-ਸਿੱਖ ਜੀ ! ਕੋਈ ਗੁਰ-ਸਾਖੀ ਸੁਣਾਓ, ਤੁਸੀਂ ਗੁਰੂ ਦੇ ਹਜ਼ੂਰ ਰਹਿਣ ਵਾਲੇ ਸਿੱਖ ਹੋ।"

ਸਾਖੀਆਂ ਤਾਂ ਬੜੀਆਂ ਹਨ, ਪਰ ਤੁਹਾਨੂੰ ਤੁਹਾਡੇ ਇਲਾਕੇ ਦੇ ਸਿੱਖ ਭਾਈ ਤਲੋਕੇ ਦੀ ਸਾਖੀ ਸੁਣਾਉਂਦੇ ਹਾਂ।"

"ਸਾਡੇ ਇਲਾਕੇ ਦਾ ?"

"ਹਾਂ।"

"ਕਿਥੋਂ ਦਾ ਰਹਿਣ ਵਾਲਾ ਸੀ ਭਾਈ ਤਲੋਕਾ ?"

"ਭਾਈ ਤਲੋਕਾ ਗੜ੍ਹਸ਼ੰਕਰ ਦਾ ਰਹਿਣ ਵਾਲਾ ਸੀ।"

"ਹਾਂ ਠੀਕ ਹੈ, ਗੜ੍ਹਸ਼ੰਕਰ ਸਾਡੇ ਹੀ ਇਲਾਕੇ ਦਾ ਨਗਰ ਹੈ।"

"ਇਹ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਸਿੱਖ ਬਣਿਆ ਸੀ ਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਤੇ ਨਾਮ ਦੀ ਦਾਤ ਲੈ ਕੇ ਆਪਣੇ ਨਗਰ ਹੀ ਰਿਹਾ ਸੀ।"

"ਪਹਿਲਾਂ ਇਹ ਵੀ ਸਰਵਰੀਆ ਹੀ ਸੀ ?"

"ਹਾਂ ਸਰਵਰੀਆ ਸੀ, ਇਸ ਸਰਵਰ ਦੀ ਪੂਜਾ ਨੇ ਹਿੰਦੂ ਧਰਮ ਨੂੰ ਤਾਂ ਜੜ੍ਹਾਂ ਤੋਂ ਹੀ ਉਖਾੜ ਦਿਤਾ ਸੀ ਤੇ ਦਿਨ ਬਦਿਨ ਇਹ ਫੈਲਦਾ ਹੀ ਜਾ ਰਿਹਾ ਸੀ, ਪਰ ਗੁਰੂ ਸਾਹਿਬਾਂ ਦੀ ਮੇਹਰ ਨਾਲ ਬੜੇ ਹੀ ਸਰਵਰੀਏ ਸਿੱਖ ਬਣੇ ਹਨ ਤੇ ਉਨ੍ਹਾਂ ਸਿੱਖਾਂ ਨੇ ਹਜ਼ਾਰਾਂ ਸਰਵਰੀਆਂ ਨੂੰ ਸਿੱਖ ਬਣਾਇਆ ਹੈ।"

"ਠੀਕ ਹੈ, ਹੱਛਾ ਫੇਰ ਭਾਈ ਤਲੋਕਾ ਜੀ ਆਪਣੇ ਨਗਰ ਹੀ ਆ ਰਹੇ ਤਾਂ ਉਥੇ ਕੀ ਕਰਦੇ ਰਹੇ ?"

"ਉਹਨਾਂ ਦੀ ਜ਼ਬਾਨ ਵਿਚ ਬੜਾ ਰਸ ਸੀ ਤੇ ਕਮਾਈ ਵਾਲੇ ਸਿੱਖ ਸਨ,

ਸਿਕਦੀ ਸਨ, ਸਿਰੜੀ ਸਨ ਤੇ ਏਨੇ ਹਠ ਵਾਲੇ ਸਨ ਕਿ ਗੁਰੂ ਆਸਰੇ ਵੱਡਿਆਂ ਵੱਡਿਆਂ ਮਾਇਕ ਹੱਲਿਆਂ ਵਡਿਆਈਆਂ ਤੇ ਲੋਭ ਲਾਲਚ ਤੋਂ ਬਚ ਜਾਂਦੇ ਸਨ।

"ਕੋਈ ਫੇਰ ਉਨ੍ਹਾਂ ਦੀ ਗੱਲ ਸੁਣਾਓ!" ਭਾਈ ਮੰਝ ਨੇ ਸਿੱਖ ਨੂੰ ਬੜੀ ਤੀਬਰਤਾ ਨਾਲ ਕਿਹਾ।

"ਗੱਲ ਹੀ ਸੁਣਾਉਣ ਲਗਾ ਹਾਂ। ਇਕ ਵਾਰੀ ਇਕ ਬੜੀ ਵੱਡੀ ਉਮਰ ਦਾ ਜੋਗੀ ਉਨ੍ਹਾਂ ਦੇ ਪਿੰਡ ਆ ਗਿਆ। ਉਸ ਨੇ ਉਥੇ ਆ ਕੇ ਡੇਰੇ ਲਾ ਲਏ ਤੇ ਸਮਾਧੀ ਵਿਚ ਜੁੜ ਗਏ। ਜੋਗੀ ਲੋਕਾਂ ਦੀ ਸਮਾਧੀ ਦਾ ਬੜਾ ਪ੍ਰਭਾਵ ਸੀ, ਪਰ ਜੋਗੀ ਆਪਣੇ ਜੋਗ ਪੁਣੇ ਦਾ ਪ੍ਰਚਾਰ ਤੇ ਆਪਣੀ ਪੂਜਾ ਕਰਾਉਣ ਦਾ ਵੱਡਾ ਚਾਹਵਾਨ ਸੀ, ਇਸ ਲਈ ਉਸ ਨੇ ਆਪਣੇ ਚੇਲਿਆਂ ਨੂੰ ਨੇੜੇ ਨੇੜੇ ਦੇ ਸਭ ਨਗਰਾਂ ਵਿਚ ਭੇਜ ਕੇ ਪ੍ਰਚਾਰ ਕੀਤਾ ਕਿ ਜੋਗੀ ਦਾ ਦਰਸ਼ਨ ਕਰਨ ਵਾਲੇ ਨੂੰ ਇਕ ਸਾਲ ਦੇ ਸਵਰਗ ਦੇ ਸੁਖਾਂ ਦੀ ਪ੍ਰਾਪਤੀ ਹੋ ਜਾਵੇਗੀ। ਉਨ੍ਹਾਂ ਨੇ ਕੋਈ ਖਾਸ ਦਿਨ ਮੁਕੱਰਰ ਕੀਤਾ ਕਿ ਇਸ ਦਿਨ ਜਦ ਉਹ ਸਮਾਧੀ ਖੋਲ੍ਹਣਗੇ ਤੇ ਆਪਣੀ ਕੁਟੀਆ ਵਿਚੋਂ ਬਾਹਰ ਨਿਕਲਣਗੇ ਉਸ ਦਿਨ ਸਭ ਲੋਕ ਆ ਕੇ ਖੁਲ੍ਹੇ ਦਰਸ਼ਨ ਕਰਨ। ਜੋ ਵੀ ਦਰਸ਼ਨ ਕਰੇਗਾ, ਉਸ ਦੀਆਂ ਮਨੋ ਕਾਮਨਾਵਾਂ ਪੂਰਨ ਹੋਣਗੀਆਂ, ਉਸ ਨੂੰ ਇਕ ਸਾਲ ਦੇ ਸਮੇਂ ਦਾ ਸਵਰਗੀ ਸੁਖ ਪ੍ਰਾਪਤ ਹੋਵੇਗਾ।"

ਬੱਸ ਫੇਰ ਕੀ ਸੀ। ਦੁਨੀਆਂ ਦੀ ਭੇਡਾ-ਚਾਲ ਹੈ, 'ਚਲਤੋ ਕੇ ਪਾਛੇ ਚਲੋ' ਦੀ ਕਹਾਵਤ ਤੇ ਅਮਲ ਕਰਦੀ ਹੈ। ਲੋਕਾਂ ਦੀਆਂ ਜੋਗੀ ਦੇ ਦਰਸ਼ਨ ਲਈ ਵਹੀਰਾਂ ਪੈ ਗਈਆਂ। ਹਜ਼ਾਰਾਂ ਲੋਕ ਉਸ ਦਿਨ ਗੜ੍ਹਸ਼ੰਕਰ ਵਿਚ ਆ ਗਏ। ਕੋਈ ਰਿਹਾ ਹੋਵੇਗਾ ਜਿਸ ਨੂੰ ਪਤਾ ਨਾ ਹੋਵੇ, ਪਰ ਸੌਂ ਚੋਂ ਨੱਬੇ ਫ਼ੀ ਸਦੀ ਲੋਕ, ਜਿਨ੍ਹਾਂ ਨੂੰ ਪਤਾ ਲਗਾ, ਉਹ ਗੜ੍ਹਸ਼ੰਕਰ ਆਣ ਪੁਜੇ। ਗੜ੍ਹਸ਼ੰਕਰ ਦੇ ਰਹਿਣ ਵਾਲੇ ਲੋਕ ਵੀ ਗਏ। ਭਾਈ ਤਲੋਕਾ ਜੀ ਨੂੰ ਵੀ ਚਲਣ ਲਈ ਕਿਹਾ, ਪਰ ਭਾਈ ਜੀ ਨੇ ਜਾਣ ਤੋਂ ਨਾਂਹ ਕਰ ਦਿਤੀ ਤੇ ਕਿਹਾ, "ਸਾਨੂੰ ਸਵਰਗਾਂ ਦੇ ਸੁਖਾਂ ਦੀ ਇੱਛਾ ਨਹੀਂ ਹੈ, ਸਾਨੂੰ ਤਾਂ ਗੁਰੂ ਚਰਨਾਂ ਦੇ ਪ੍ਰੇਮ ਦੀ ਪ੍ਰੀਤੀ ਹੈ, ਜੋ ਲਗੀ ਹੋਈ ਹੈ ਤੇ ਉਸਦੀ ਮਸਤੀ ਵਿਚ ਹੀ ਸਾਨੂੰ, ਇਕ ਸਵਰਗ ਕੀ, ਕਈ ਸਵਰਗਾਂ ਦੇ ਸੁਖ ਪ੍ਰਾਪਤ ਹੋ ਰਹੇ ਹਨ, ਫੇਰ ਇਕ ਸਾਲ ਦੇ ਸਵਰਗ ਦੇ ਸੁਖ

ਲਈ ਜਿਸ ਦਾ ਪਤਾ ਨਹੀਂ, ਮਰ ਕੇ ਮਿਲਣਾ ਵੀ ਹੈ ਕਿ ਨਹੀਂ, ਪਰ ਸਾਨੂੰ ਤਾਂ ਹੁਣੇ ਹੀ ਐਸੇ ਅਨੰਦ ਪ੍ਰਾਪਤ ਹੋਏ ਪਏ ਹਨ, ਜੋ ਕਹਿਣ ਤੇ ਕਥਨ ਤੋਂ ਬਾਹਰ ਹਨ, ਤਾਂ ਅਸੀਂ ਇਨ੍ਹਾਂ ਐਨੇ ਵੱਡੇ ਸੁਖਾਂ ਨੂੰ ਛਡ ਕੇ, ਥੋੜੇ ਤੇ ਅਲਪ-ਸੁਖ ਦੀ ਪ੍ਰਾਪਤੀ ਦੀ ਇੱਛਾ ਕਿਉਂ ਕਰੀਏ ?"

ਸੋ ਸਾਰਾ ਨਗਰ ਗਿਆ ਪਰ ਇਕੱਲੇ ਭਾਈ ਤਿਲੋਕਾ ਜੀ ਨਾ ਗਏ। ਜਦ ਜੋਗੀ ਬਾਹਰ ਨਿਕਲਿਆ ਤੇ ਪਿੰਡ ਦੇ ਲੋਕਾਂ ਨੇ ਉਸ ਦਾ ਸੁਆਗਤ ਕੀਤਾ ਤਾਂ ਉਸ ਨੇ ਪੁਛਿਆ, "ਪਿੰਡ ਦਾ ਕੋਈ ਆਦਮੀ ਰਹਿ ਤਾਂ ਨਹੀਂ ਗਿਆ। ਜਿਹੜਾ ਮੇਰੇ ਦਰਸ਼ਨ ਕਰਨ ਨਾ ਆਇਆ ਹੋਵੇ ?"

ਪਿੰਡ ਵਾਲਿਆਂ ਨੂੰ ਪਤਾ ਸੀ, ਝਟ ਇਕ ਨੇ ਕਹਿ ਦਿਤਾ, "ਤਲੋਕਾ ਨਹੀਂ ਆਇਆ।"

"ਕਿਉਂ ?" ਜੋਗੀ ਨੇ ਪੁਛਿਆ।

"ਉਹ ਗੁਰੂ ਦਾ ਸਿੱਖ ਹੈ, ਉਹ ਕਹਿੰਦਾ ਹੈ, ਮੈਨੂੰ ਕਿਸੇ ਚੀਜ਼ ਦੀ ਇੱਛਾ ਨਹੀਂ।"

"ਬੜਾ ਤਿਆਗੀ ਹੈ। ਜਾਓ, ਉਸ ਨੂੰ ਕਹੋ ਤੈਨੂੰ ਦੋ ਸਾਲ ਦਾ ਸਵਰਗ ਮਿਲੇਗਾ, ਮੇਰੇ ਵਲੋਂ ਉਸਨੂੰ ਕਹੋ।"

ਜੋਗੀ ਨੇ ਸਿੱਖ ਨੂੰ ਲਾਲਚ ਦੇ ਕੇ ਬੁਲਾਉਣਾ ਚਾਹਿਆ, ਪਰ ਗੁਰੂ ਦਾ ਸਿੱਖ ਕਦ ਭਟਕਦਾ ਸੀ, ਉਸ ਨੇ ਜੋਗੀ ਦੇ ਆਦਮੀਆਂ ਨੂੰ ਜਵਾਬ ਦਿਤਾ ਕਿ "ਭਾਵੇਂ ਮੈਨੂੰ ਜੋਗੀ ਸੌ ਸਾਲਾਂ ਲਈ ਸਵਰਗ ਦੇਣ ਦਾ ਵਾਇਦਾ ਕਰੇ, ਮੈਂ ਉਸਦੇ ਦਰਸ਼ਨਾਂ ਲਈ ਨਹੀਂ ਆਵਾਂਗਾ।"

ਜੋਗੀ ਦੇ ਕਹੇ ਤੇ ਪਿੰਡ ਦੇ ਚੌਧਰੀ, ਪੰਚਾਇਤ ਦੇ ਆਗੂ ਤੇ ਹੋਰ ਉਸਦੇ ਰਿਸ਼ਤੇਦਾਰ ਵੀ ਭਾਈ ਤਲੋਕੇ ਨੂੰ ਸੱਦਣ ਆਏ ਤੇ ਜੋਗੀ ਵਲੋਂ ਸਰਾਪ ਦੇਣ ਦਾ ਡਰ ਵੀ ਦਿਤਾ, ਪਰ ਭਾਈ ਤਲੋਕੇ ਨੇ ਕਿਹਾ, "ਨਾ ਮੈਂ ਸਰਾਪ ਤੋਂ ਡਰਨਾ ਹੈ, ਨਾ ਸਵਰਗਾਂ ਦੇ ਲਾਲਚ ਵਿਚ ਫਸਣਾ ਹੈ, ਮੈਨੂੰ ਪੂਰੇ ਗੁਰੂ ਦਾ ਆਸਰਾ ਹੈ, ਉਸਦਾ ਸਿੱਖ ਹਾਂ, ਉਸੇ ਦੇ ਸਹਾਰੇ ਰਹਾਂਗਾ ਕਿਸੇ ਹੋਰ ਨੂੰ ਗੁਰੂ ਧਾਰਨ ਕਰਨ ਦੀ ਗਲਤੀ ਨਹੀਂ ਕਰਾਂਗਾ।"

ਅੰਮ੍ਰਿਤਸਰ ਤੋਂ ਆਇਆ ਸਿੱਖ ਰਸਤੇ ਵਿਚ ਤੁਰੇ ਜਾਂਦਿਆਂ ਇਹ ਵਾਰਤਾ ਭਾਈ ਮੰਝ ਨੂੰ ਸੁਣਾ ਰਿਹਾ ਸੀ। ਭਾਈ ਮੰਝ ਇੰਨੀ ਕੁ ਵਾਰਤਾ ਸੁਣ ਕੇ ਕਹਿਣ

ਲੱਗਾ, "ਸਿੱਖ ਦਾ ਤਾਂ ਸਿਦਕ ਹੀ ਸਿੱਖੀ ਨੂੰ ਪੱਕਿਆਂ ਕਰਦਾ ਹੈ। ਜੇ ਸਿਦਕ ਨਾ ਹੋਵੇ ਤਾਂ ਸਿੱਖੀ ਕਿਥੇ ਕਮਾਈ ਜਾਂਦੀ ਹੈ।"

"ਭਾਈ ਮੰਝ ਜੀਓ, ਤੁਹਾਡਾ ਸਿਦਕ ਵੀ ਘਟ ਨਹੀਂ ਗੁਰੂ ਸਾਹਿਬ ਦੀ ਪ੍ਰੀਖਿਆ ਵਿਚੋਂ ਜੇ ਤੁਸੀਂ ਪਾਸ ਹੋ ਗਏ, ਤਾਂ ਤੁਸੀਂ ਖੌਰੇ ਕਿੰਨੇ ਵੱਡੇ ਸਿਦਕੀ ਸਿੱਖ ਬਣ ਜਾਣਾ ਹੈ।" ਸਿੱਖ ਨੇ ਕਿਹਾ।

"ਨਹੀਂ ਗੁਰਮੁਖ ਜੀ, ਮੇਰਾ ਸਿਦਕ ਕਾਹਦਾ ਹੈ, ਮੈਂ ਤਾਂ ਅਜੇ ਸਿੱਖ ਵੀ ਨਹੀਂ ਬਣਿਆ, ਅਜੇ ਤਾਂ ਸਿੱਖੀ ਪ੍ਰਾਪਤ ਕਰਨ ਦੀ ਲਾਲਸਾ ਹੈ, ਜੇ ਗੁਰੂ ਜੀ ਕਿਰਪਾ ਕਰ ਦੇਣ।

"ਭਾਈ ਮੰਝ ਤੂੰ ਸਿੱਖੀ ਦੇ ਰਸਤੇ ਤੁਰਿਆ ਹੋਇਆ ਹੈਂ, ਤੇ ਵੱਡੇ ਵੱਡੇ ਸਿੱਖਾਂ ਤੋਂ ਵਧ ਕੇ ਤੇਰਾ ਸਿਦਕ ਮੈਂ ਹੁਣੇ ਹੀ ਵੇਖ ਰਿਹਾ ਹਾਂ। ਸਿੱਖੀ ਪ੍ਰਾਪਤ ਕਰਕੇ ਤੂੰ ਸਿੱਖੀ ਮੰਡਲ ਦਾ ਚਮਕਦਾ ਸਿਤਾਰਾ ਬਣ ਜਾਏਂਗਾ।" ਸਿੱਖ ਭਾਈ ਮੰਝ ਦੇ ਸਿਦਕ ਨੂੰ ਵੇਖ ਵੇਖ ਹੈਰਾਨ ਹੋ ਰਿਹਾ ਸੀ ਤੇ ਇਸੇ ਕਰਕੇ ਹੀ ਓਸਨੇ ਭਾਈ ਤਲੋਕਾ ਜੀ ਦੀ ਸਾਖੀ ਸੁਣਾਉਣੀ ਸ਼ੁਰੂ ਕੀਤੀ ਸੀ।

"ਹੱਛਾ ਹੁਣ ਤੁਸੀਂ ਅਗਲੀ ਵਾਰਤਾ ਸੁਣਾਓ।" ਭਾਈ ਮੰਝ ਜੀ ਨੇ ਕਿਹਾ।

"ਹਾਂ ਸੁਣੋ। ਭਾਈ ਤਲੋਕਾ ਜਦ ਕੋਈ ਗੱਲ ਨਾ ਮੰਨਿਆਂ, ਤਾਂ ਜੋਗੀ ਨੇ ਕਿਹਾ ਕਿ ਐਸੇ ਸਿਦਕੀ ਸਿੱਖ ਦੇ ਦਰਸ਼ਨ ਕਰਨ ਲਈ ਮੈਂ ਆਪ ਜਾਵਾਂਗਾ। ਤੇ ਉਹ ਉਠ ਕੇ ਭਾਈ ਤਲੋਕਾ ਜੀ ਨੂੰ ਮਿਲਣ ਲਈ ਤੁਰ ਪਿਆ। ਜੋਗੀ ਦੇ ਪਿਛੇ ਹਜ਼ਾਰਾਂ ਲੋਕਾਂ ਦੀ ਭੀੜ ਵੀ ਤੁਰ ਪਈ। ਕਿਸੇ ਆਦਮੀ ਨੇ ਭੱਜ ਕੇ ਆ ਕੇ ਭਾਈ ਤਲੋਕਾ ਜੀ ਨੂੰ ਵੀ ਖਬਰ ਦਿਤੀ ਕਿ ਜੋਗੀ ਆਪ ਤੁਹਾਨੂੰ ਮਿਲਣ ਲਈ ਆ ਰਿਹਾ ਹੈ। ਇਸ ਸੁਣ ਕੇ ਭਾਈ ਤਲੋਕਾ ਜੀ ਨੇ ਬੂਹਾ ਬੰਦ ਕਰਕੇ ਅੰਦਰੋਂ ਕੁੰਡਾ ਮਾਰ ਲਿਆ।

ਜੋਗੀ ਆ ਗਿਆ ਤੇ ਭਾਈ ਤਲੋਕਾ ਜੀ ਦੇ ਬੂਹੇ ਅਗੇ ਆ ਖਲੋਤਾ। ਜੋਗੀ ਦੇ ਚੇਲਿਆਂ ਨੇ ਆਵਾਜ਼ ਦਿਤੀ, "ਭਾਈ ਤਲੋਕਾ ਜੀ ਬੂਹਾ ਖੋਲ੍ਹੋ।"

"ਕਿਉਂ ?"

"ਜੋਗੀ ਜੀ ਆਪ ਜੀ ਨੂੰ ਮਿਲਣ ਆਏ ਹਨ।"

"ਉਹ ਕਿਉਂ ਆਏ ਹਨ ?"

"ਉਹ ਤੁਹਾਨੂੰ ਦਰਸ਼ਨ ਦੇਣ ਲਈ ਆਪ ਆਏ ਹਨ।"

"ਪਰ ਮੈਂ ਨਿਗੁਰਾ ਨਹੀਂ ਬਣਨਾ।"

ਹੁਣ ਜੋਗੀ ਕੋਲੋਂ ਚੁਪ ਨਾ ਰਿਹਾ ਗਿਆ ਤੇ ਉਹ ਬੋਲਿਆ "ਭਾਈ ਤਲੋਕਾ ਜੀ ਮੈਂ ਦਰਸ਼ਨ ਦੇਣ ਨਹੀਂ ਆਇਆ, ਤੁਹਾਡੇ ਦਰਸ਼ਨ ਕਰਨ ਆਇਆ ਹਾਂ।"

"ਪਰ ਮੈਂ ਤਾਂ ਫੈਸਲਾ ਕੀਤਾ ਹੈ ਕਿ ਨਾ ਦਰਸ਼ਨ ਦੇਣੇ ਹਨ ਨਾ ਕਰਨੇ ਹਨ।"

"ਕਿਉਂ ?"

"ਮੇਰੀਆਂ ਦਰਸ਼ਨਾਂ ਦੀਆਂ ਲੋੜਾਂ ਮੇਰੇ ਸਤਿਗੁਰੂ ਜੀ ਨੇ ਮੁਕਾ ਦਿਤੀਆਂ ਹਨ। ਜਿਨ੍ਹਾਂ ਰਿਧੀਆਂ ਸਿਧੀਆਂ ਦੇ ਤੁਸੀਂ ਧਾਰਨ ਕਰਕੇ ਏਨਾ ਵਿਖਾਵਾ ਕਰ ਰਹੇ ਹੋ ਉਹ ਮੇਰੇ ਸਤਿਗੁਰੂ ਜੀ ਦੇ ਚਰਨਾਂ ਵਿਚ ਵਸਦੀਆਂ ਹਨ, ਪਰ ਉਹ ਤੁਹਾਡੇ ਵਾਂਗ ਤਮਾਸ਼ੇ ਨਹੀਂ ਕਰਦੇ ਫਿਰਦੇ, ਲੋਕਾਂ ਨੂੰ ਇਹ ਕਹਿ ਕੇ ਮਗਰ ਨਹੀਂ ਲਾਉਂਦੇ ਫਿਰਦੇ, ਜਿਵੇਂ ਤੁਸੀਂ ਕਰ ਰਹੇ ਹੋ।"

ਹੁਣ ਜੋਗੀ ਦਾ ਇਹ ਗੱਲਾਂ ਸੁਣ ਕੇ ਹੰਕਾਰ ਟੁੱਟ ਗਿਆ ਤੇ ਪਾਣੀ-ਪਾਣੀ ਹੋ ਗਿਆ। ਹਉਮੈ ਦੀ ਕੰਧ ਨੂੰ ਸੱਟ ਵੱਜੀ, ਜਿਨ੍ਹਾਂ ਲੋਕਾਂ ਨੂੰ ਉਹ ਨਾਲ ਲੈ ਕੇ ਬੜੇ ਗੌਰਵਤਾ ਨਾਲ ਆਇਆ ਸੀ, ਬੜਾ ਸ਼ਰਮਸਾਰ ਹੋਇਆ ਪਰ ਹੁਣ ਕੀ ਕਰੇ, ਜੇ ਇਸੇ ਤਰ੍ਹਾਂ ਹੀ ਵਾਪਸ ਮੁੜਦਾ ਤਾਂ ਬਿਲਕੁਲ ਹੀ ਮਾਨਤਾ ਖ਼ਤਮ ਹੋ ਜਾਣ ਦਾ ਉਸ ਨੂੰ ਡਰ ਸੀ। ਇਹ ਵਿਚਾਰ ਕੇ, ਉਸ ਨੇ ਹੋਰ ਬੂਹੇ ਦੇ ਨੇੜੇ ਹੋ ਕੇ ਭਾਈ ਤਲੋਕਾ ਜੀ ਨੂੰ ਕਿਹਾ, "ਭਾਈ ਤਲੋਕਾ ਜੀ, ਜੋ ਤੁਸੀਂ ਕਹਿੰਦੇ ਹੋ ਠੀਕ ਹੈ, ਪਰ ਹੁਣ ਗੁਰੂ ਦੇ ਵਾਸਤੇ, ਆਪਣੇ ਗੁਰੂ ਦਾ ਵਾਸਤਾ ਜੇ, ਮੈਨੂੰ ਇਕ ਵਾਰੀ ਬੂਹਾ ਖੋਲ੍ਹ ਕੇ ਜ਼ਰੂਰ ਮਿਲੋ। ਮੈਂ ਉਹਾਡੇ ਵੀ ਬਲਿਹਾਰ ਹਾਂ ਤੇ ਤੁਹਾਡੇ ਗੁਰੂ ਦੇ ਵੀ ਸਦਕੇ ਜਾਂਦਾ ਹਾਂ, ਜਿਸ ਨੇ ਤੁਹਾਡੇ ਵਿਚ ਐਸੇ ਨਾ ਡਿੱਗਣ ਡੋਲਣ ਵਾਲੇ ਗਿਆਨ ਨੂੰ ਦ੍ਰਿੜ ਕਰ ਦਿਤਾ ਹੈ। ਬੂਹਾ ਖੋਲ੍ਹੋ ਮੈਨੂੰ ਆਪਣੇ ਦਰਸ਼ਨ ਦਿਉ ਤੇ ਫਿਰ ਮੈਨੂੰ ਆਪਣੇ ਨਾਲ ਲੈ ਚਲੋ, ਤੇ ਉਸ ਆਪਣੇ ਗੁਰਦੇਵ ਦਾ ਮੈਨੂੰ ਵੀ ਦਰਸ਼ਨ ਕਰਾਓ, ਜਿਸ ਨੇ ਤੁਹਾਨੂੰ ਐਸਾ ਅਮੋਲਕ ਗਿਆਨ ਦਿਤਾ ਹੈ।"

ਹੁਣ ਗੁਰੂ ਦਾ ਵਾਸਤਾ ਜੋਗੀ ਨੇ ਪਾਇਆ, ਤਾਂ ਭਾਈ ਤਲੋਕਾ ਜੀ ਨੇ ਝਟ ਬੂਹਾ ਖੋਲ੍ਹ ਦਿਤਾ। ਜੋਗੀ ਨੂੰ ਬੜੇ ਪਿਆਰ ਨਾਲ ਮੰਜੇ ਤੇ ਬਿਠਾਇਆ ਤੇ ਗੱਲਾਂ ਬਾਤਾਂ ਕੀਤੀਆਂ। ਜੋਗੀ ਨੇ ਜ਼ੋਰ ਦਿਤਾ ਕਿ ਮੈਨੂੰ ਅੰਮ੍ਰਿਤਸਰ ਲੈ

ਚਲੋ ਤੇ ਆਪਣੇ ਗੁਰੂ ਦੇ ਦਰਸ਼ਨ ਕਰਾਓ।

ਸੋ ਭਾਈ ਤਲੋਕਾ ਜੀ ਵੀ ਸਾਡੇ ਵਾਂਗ ਜੋਗੀ ਨੂੰ ਨਾਲ ਲੈ ਕੇ ਅੰਮ੍ਰਿਤਸਰ ਨੂੰ ਤੁਰ ਪਏ। ਰਸਤੇ ਵਿਚ ਉਹ ਵੀ ਸਾਡੇ ਵਾਂਗ ਗੁਰ-ਸਾਖੀਆਂ ਕਰਦੇ ਜਾਂਦੇ ਸਨ। ਜਦ ਉਹ ਅੰਮ੍ਰਿਤਸਰ ਦੇ ਨੇੜੇ ਪੁਜੇ, ਤਾਂ ਜੋਗੀ ਨੇ ਗੱਲਾਂ ਬਾਤਾਂ ਕਰਦਿਆਂ ਪੁਛਿਆ ਕਿ "ਤੁਹਾਡੇ ਗੁਰੂ ਦੀ ਉਮਰ ਕਿੰਨੀ ਕੁ ਹੈ ?

"ਕੋਈ ੪੦ ਸਾਲ ਦੇ ਲਗਪਗ ਹੋਵੇਗੀ।"

"ਹੈਂ ੪੦ ਸਾਲ ?"

ਜੋਗੀ ਰੁਕ ਗਿਆ, ਉਸ ਨੇ ਅਗੇ ਜਾਣੋਂ ਨਾਂਹ ਕਰ ਦਿਤੀ।

ਭਾਈ ਤਲੋਕਾ ਕਹੇ ਕਿ ਮੈਂ ਅੰਮ੍ਰਿਤਸਰ ਦੇ ਨੇੜੇ ਪੁਜ ਕੇ ਤੈਨੂੰ ਮੁੜਨ ਨਹੀਂ ਦੇਣਾ, ਤੂੰ ਦਰਸ਼ਨ ਨਹੀਂ ਸੀ ਕਰਨੇ ਤਾਂ ਉਥੋਂ ਹੀ ਨਹੀਂ ਸੀ ਚਲਣਾ। ਜੋਗੀ ਕਹੇ ਮੈਂ ਇਤਨੀ ਵੱਡੀ ਉਮਰ ਵਾਲਾ, ਮੇਰੀ ੪੦੦ ਵਰ੍ਹੇ ਤੋਂ ਵੱਧ ਉਮਰ ਹੈ, ਮੈਂ ੪੦ ਵਰ੍ਹਿਆਂ ਦੀ ਛੋਟੀ ਜੇਹੀ ਉਮਰ ਵਾਲੇ ਗੁਰੂ ਦੇ ਅਗੇ ਝੁਕਾਂਗਾ ਨਹੀਂ। ਪਰ ਭਾਈ ਤਲੋਕਾ ਕਹੇ, "ਸਾਡੇ ਗੁਰੂ ਦੀ ਕਮਾਈ ਆਪਣੀ ਨਹੀਂ, ਇਹ ਤਾਂ ਗੁਰੂ ਨਾਨਕ ਦਾ ਗਿਆਨ ਹੈ, ਜੋ ਗੁਰੂ ਨਾਨਕ ਨੇ ਗੁਰੂ ਅੰਗਦ, ਗੁਰੂ ਅੰਗਦ ਨੇ ਗੁਰੂ ਅਮਰਦਾਸ ਤੇ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਤੇ ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਦਿਤਾ ਹੈ, ਇਹ ਤਾਂ ਗੁਰੂ ਨਾਨਕ ਦਾ ਬਖਸ਼ਿਆ ਹੋਇਆ ਗਿਆਨ ਹੈ, ਜਿਸ ਦੀ ਗੱਦੀ ਤੇ ਗੁਰੂ ਅਰਜਨ ਦੇਵ ਜੀ ਬੈਠੇ ਹੋਏ ਹਨ। ਤੂੰ ਭਰਮ ਨਾ ਕਰ, ਹੁਣ ਮੈਂ ਤੈਨੂੰ ਲੈ ਕੇ ਹੀ ਜਾਣਾ ਹੈ।"

ਜਿਉਂ ਤਿਉਂ ਕਰਕੇ ਭਾਈ ਤਲੋਕਾ ਜੋਗੀ ਨੂੰ ਅੰਮ੍ਰਿਤਸਰ ਲੈ ਗਿਆ ਤੇ ਗੁਰੂ ਜੀ ਨੂੰ ਜੋਗੀ ਬਾਰੇ ਸਾਰੀ ਗੱਲ ਬਾਤ ਦੱਸੀ ਗੁਰੂ ਸਾਹਿਬ ਜੀ ਨੇ ਕਿਹਾ, ਕੱਲ ਉਸਨੂੰ ਸਾਡੇ ਪਾਸ ਲਿਆਉਣ।

ਦੂਸਰੇ ਦਿਨ ਗੁਰੂ ਅਰਜਨ ਦੇਵ ਜੀ ਨੇ ਇਕ ਛੋਟਾ ਜਿਹਾ ਤੰਬੂ ਲੁਆਇਆ ਤੇ ਆਪ ਪਰਦੇ ਵਿਚ ਬੈਠ ਗਏ। ਭਾਈ ਤਲੋਕੇ ਨੂੰ ਹੁਕਮ ਦਿੱਤਾ ਕਿ ਜੋਗੀ ਨੂੰ ਹੁਣ ਸਾਡੇ ਪਾਸ ਲੈ ਆਓ।

ਭਾਈ ਤਲੋਕੇ ਦੇ ਕਹਿਣ ਅਨੁਸਾਰ ਜੋਗੀ ਨੂੰ ਖਿਆਲ ਸੀ ਕਿ ਗੁਰੂ ਸਾਹਿਬ ਦੀ ਦਾੜ੍ਹੀ ਕਾਲੀ ਹੋਵੇਗੀ, ਪਰ ਜੋਗੀ ਬੜਾ ਹੈਰਾਨ ਹੋਇਆ, ਜਦ ਉਸ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤਾਂ ਐਉਂ ਪ੍ਰਤੀਤ ਹੋਇਆ ਕਿ ਇਹ ਤਾਂ ਬੜੀ

ਹੀ ਵੱਡੀ ਉਮਰ ਵਾਲੇ ਜਾਪਦੇ ਹਨ। ਸਫੈਦ ਦਾਹੜਾ ਤੇ ਚੇਹਰਾ ਦਗਦਗ ਕਰਦਾ ਜਦ ਉਸ ਨੇ ਵੇਖਿਆ ਤਾਂ ਉਸ ਦਾ ਸਿਰ ਬਦੋਬਦੀ ਗੁਰੂ ਅਰਜਨ ਦੇਵ ਜੀ ਦੇ ਅੱਗੇ ਝੁਕ ਗਿਆ। ਗੁਰੂ ਜੀ ਨੇ ਉਸ ਨੂੰ ਬੜੇ ਪਿਆਰ ਨਾਲ ਬਿਠਾਇਆ ਤੇ ਸੁਖ ਅਨੰਦ ਪੁੱਛੀ।

ਸਵਾ ਕੁ ਸੌ ਸਾਲ ਪਹਿਲੇ, ਇਸ ਜੋਗੀ ਦਾ ਸਮੁੰਦਰ ਵਿਚੋਂ ਲੰਘਦੇ ਕਿਸੇ ਮੱਛੀ ਨੇ ਕੰਨ ਕੁਤਰ ਲਿਆ, ਜਿਸ ਵਿਚ ਕਿ ਮੁੰਦਰਾਂ ਪਈ ਹੋਈ ਸੀ, ਇਕੋ ਹੀ ਕੰਨ ਇਸ ਜੋਗੀ ਦਾ ਬਾਕੀ ਸੀ। ਗੁਰੂ ਜੀ ਨੇ ਪੁਛਿਆ, ਜੋਗੀ ਜੀ, ਤੁਹਾਡਾ ਇਕ ਕੰਨ ਨਹੀਂ ਹੈ, ਕਿਥੇ ਗੁਆ ਆਏ ਹੋ ?"

"ਮਹਾਰਾਜ! ਮੱਛੀ ਨੇ ਕੁਤਰ ਲਿਆ ਸੀ, ਅੱਜ ਸਵਾ ਸੌ ਸਾਲ ਹੋ ਗਿਆ ਹੈ ?"

"ਉਹ ਮੱਛੀ ਲੱਭੀ ਨਹੀਂ ?"

"ਮਹਾਰਾਜ ! ਉਹ ਸਮੁੰਦਰਾਂ ਦੇ ਡੂੰਘੇ ਪਾਣੀ ਵਿਚ ਪਤਾ ਨਹੀਂ ਕਿਧਰ ਨੂੰ ਚਲੀ ਗਈ ?"

"ਤੇ ਨਾਲ ਹੀ ਮੁੰਦਰਾਂ ਵੀ ਗਈ।"

"ਜੀ ਮੁੰਦਰਾਂ ਏਸ ਦੇ ਨਾਲ ਦੀ ਸੀ, ਜੋ ਮੇਰੇ ਇਸ ਕੰਨ ਵਿਚ ਪਈ ਹੋਈ ਹੈ।" ਜੋਗੀ ਨੇ ਇਕ ਆਪਣੇ ਕੰਨ ਵਿੱਚ ਪਈ ਹੋਈ ਮੁੰਦਰਾਂ ਨੂੰ ਹੱਥ ਲਾਉਂਦਿਆਂ ਕਿਹਾ।

ਗੁਰੂ ਜੀ ਨੇ ਉਸੇ ਵੇਲੇ ਆਪਣੇ ਆਸਣ ਦੇ ਥਲਿਓਂ ਜੋਗੀ ਦਾ ਕੱਟਿਆ ਹੋਇਆ ਕੰਨ, ਜਿਸ ਵਿਚ ਓਹੀ ਮੁੰਦਰਾਂ ਪਈ ਹੋਈ ਸੀ, ਕੱਢ ਕੇ ਜੋਗੀ ਦੇ ਅੱਗੇ ਕਰਦਿਆਂ ਕਿਹਾ, "ਇਹ ਓਹੀ ਆਪ ਦਾ ਕੰਨ ਤਾਂ ਨਹੀਂ, ਜੋ ਮੱਛੀ ਨੇ ਕੱਟਿਆ ਸੀ ?"

ਸੱਚਮੁੱਚ ਕੰਨ ਓਹੀ ਸੀ ਓਹੀ ਉਸਦੀ ਮੁੰਦਰਾਂ ਸੀ, ਉਸ ਨੇ ਝਟ ਪਛਾਣ ਲਈ। ਬੱਸ ਹੁਣ ਤਾਂ ਜੇ ਕੋਈ ਮਾੜਾ ਮੋਟਾ ਹੋਰ ਬਾਕੀ ਭਰਮ ਸੀ ਉਹ ਵੀ ਨਿਕਲ ਗਿਆ ਤੇ ਨਿਸਚਾ ਹੋ ਗਿਆ। ਭਾਈ ਤਲੋਕੇ ਦੀਆਂ ਕਹੀਆਂ ਗੱਲਾਂ ਹੁਣ ਪ੍ਰਤੱਖ ਹੋ ਗਈਆਂ।

ਸੋ ਇਉਂ ਭਾਈ ਤਲੋਕੇ ਨੇ ਜੋਗੀ ਦੇ ਵੱਡੀ ਉਮਰਾ ਦੇ ਮਾਣ, ਰਿੱਧੀਆਂ ਸਿੱਧੀਆਂ ਦੇ ਹੰਕਾਰ ਤੇ ਆਪਣੀ ਪੂਜਾ ਪ੍ਰਤਿਸ਼ਟਾ ਕਰਾਉਣ ਦੀ ਖਾਹਸ਼ ਨੂੰ

ਨਵਿਰਤ ਕੀਤੀ ਤੇ ਉਸ ਨੂੰ ਗੁਰੂ ਰਾਹੀਂ ਪੂਰਨ ਬ੍ਰਹਮ ਦੇ ਦਰਸ਼ਨ ਕਰਾ ਦਿੱਤੇ।

ਭਾਈ ਮੰਝ ਨੇ ਇਹ ਵਾਰਤਾ ਸੁਣੀ ਤੇ ਉਸ ਸਿੱਖ ਨੂੰ ਕਹਿਣ ਲੱਗਾ, "ਸੱਚਮੁੱਚ ਮੈਂ ਹਠ ਕਰੀ ਜਾ ਰਿਹਾ ਸਾਂ, ਹਠ ਪਾਲੀ ਜਾ ਰਿਹਾ ਸਾਂ, ਪਰ ਪੂਰਨ ਪ੍ਰੇਮ ਤੇ ਪੂਰਨ-ਵਿਸ਼ਵਾਸ ਵਿਚ ਜੋ ਮਾੜੀ ਮੋਟੀ ਕਸਰ ਸੀ, ਉਹ ਤੁਸਾਂ ਇਹ ਵਾਰਤਾ ਸੁਣਾ ਕੇ ਪੂਰਨ ਕਰ ਦਿੱਤੀ ਹੈ।"

ਸੋ ਇਉਂ ਗੱਲਾਂ ਕਰਦੇ, ਗੁਰੂ ਪ੍ਰੇਮ ਦੀਆਂ ਸਾਖੀਆਂ ਸੁਣਦੇ ਤੇ ਸੁਣਾਉਂਦੇ ਇਹ ਵੀ ਅੰਮ੍ਰਿਤਸਰ ਦੇ ਨੇੜੇ ਆਣ ਪੁਜੇ। ਗੁਰੂ ਸੰਗਤਾਂ ਦੇ ਦਰਸ਼ਨ ਦੀਦਾਰ ਹੋਣ ਲਗ ਪਏ, ਆਉਂਦੇ ਜਾਂਦੇ ਸਿੱਖ ਮਿਲਣ ਲਗ ਪਏ। ਗੁਰਬਾਣੀ ਦੀਆਂ ਧੁਨਾਂ ਉਠਦੀਆਂ ਤੇ ਸੇਵਾ ਕਰਨ ਵਾਲਿਆਂ ਦੇ ਹੱਥ ਟੋਕਰੀਆਂ, ਕਹੀਆਂ ਤੇ ਹੋਰ ਸੇਵਾ ਕਰਨ ਵਾਲਿਆਂ ਦੇ ਦਰਸ਼ਨ ਹੋਣ ਲਗ ਪਏ। ਭਾਈ ਮੰਝ ਤੇ ਉਸ ਦੀ ਪਤਨੀ ਅੰਮ੍ਰਿਤਸਰ ਪੁਜਣ ਤੇ ਬੜੇ ਹੀ ਉਤਸ਼ਾਹ ਤੇ ਅਨੰਦ ਵਿਚ ਹੋ ਗਏ।

੮.

ਦਹ ਦਿਸ ਛਤ੍ਰ, ਮੇਘ ਘਟਾ ਘਟ, ਦਾਮਨਿ ਚਮਕਿ ਡਰਾਇਓ ॥ ਸੇਜ ਇਕੇਲੀ, ਨੀਦ ਨਹੁ ਨੈਨਹ ਪਿਰੁ ਪਰਦੇਸਿ ਸਿਧਾਇਓ ॥੧॥ ਹੁਣਿ ਨਹੀ ਸੰਦੇਸਰੋ ਮਾਇਓ ॥ ਏਕ ਕੋਸਰੋ ਸਿਧਿ ਕਰਤ ਲਾਲੁ ਤਬ ਚਤੁਰ ਪਾਤਰੋ ਆਇਓ ॥ ਰਹਾਉ ॥ ਕਿਉ ਬਿਸਰੈ ਇਹੁ ਲਾਲੁ ਪਿਆਰੋ, ਸਰਬ ਗੁਣਾ ਸੁਖਦਾਇਓ ॥ ਮੰਦਰਿ ਚਰਿ ਕੈ ਪੰਥੁ ਨਿਹਾਰਉ, ਨੈਨ ਨੀਰਿ ਭਰਿ ਆਇਓ ॥੨॥ ਹਉ ਹਉ ਭੀਤਿ ਭਇਓ ਹੈ ਬੀਚੋ, ਸੁਨਤ ਦੇਸਿ ਨਿਕਟਾਇਓ ॥ ਭਾਂਭੀਰੀ ਕੇ ਪਾਤ ਪਾਰਦੋ, ਬਿਨੁ ਪੇਖੇ ਦੂਰਾਇਓ ॥੩॥ ਭਇਓ ਕਿਰਪਾਲੁ ਸਰਬ ਕੋ ਠਾਕੁਰੁ, ਸਗਰੋ ਦੂਖੁ ਮਿਟਾਇਓ ॥ ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ, ਤਉ ਦਇਆਰੁ ਬੀਠਲੋ ਪਾਇਓ ॥੪॥ ਸਭੁ ਰਹਿਓ ਅੰਦੇਸਰੋ ਮਾਇਓ ॥ ਜੋ ਚਾਹਤ ਸੋ ਗੁਰੂ ਮਿਲਾਇਓ ॥ ਸਰਬ ਗੁਨਾ ਨਿਧਿ ਰਾਇਓ ॥ ਰਹਾਉ ਦੂਜਾ ॥੧੧॥੬੧॥

(ਰਾਗੁ ਸੋਰਠਿ ਮਹਲਾ ੫)

ਚਾਰੇ ਪਾਸੇ ਬੱਦਲਾਂ ਦੀ ਐਸੀ ਘਟਾ ਛਾਈ ਹੋਈ ਹੈ ਕਿ ਛਤਰ ਵਾਂਗੂੰ ਬਣੀ ਹੋਈ ਹੈ, ਪਰ ਉਸ ਵਿਚੋਂ ਬਿਜਲੀ ਦੀ ਚਮਕ ਤੇ ਕੜਕ ਮੈਨੂੰ ਕੱਲੀ ਨੂੰ ਡਰਾ ਰਹੀ ਹੈ। ਡਰ ਕਰਕੇ ਨੀਂਦ ਨਹੀਂ ਆਉਂਦੀ ਤੇ ਪਤੀ ਦੇ ਪਰਦੇਸ ਵਿਚ ਹੋਣ ਕਰਕੇ ਇਹ ਡਰ ਵਧੇਰੇ ਭਾਸਦਾ ਹੈ ਤੇ ਫਿਰ ਜਦੋਂ ਇਹ ਯਾਦ ਆਉਂਦੀ ਹੈ ਕਿ ਅਜ ਤਕ ਕੋਈ ਸੰਦੇਸਾ ਨਹੀਂ ਆਇਆ, ਤਾਂ ਦਿਲ ਤੜਪ ਉਠਦਾ ਹੈ ਕਿ ਹੇ ਮੇਰੀ ਮਾਂ ! ਇਹ ਕੀ ਗੱਲ ਬਣ ਗਈ ? ਅਗੇ ਤਾਂ ਕਿਤੇ ਕੋਹ ਜਿੰਨਾ ਵੀ ਦੂਰ ਜਾਈਦਾ ਸੀ ਤਾਂ ਚਾਰ ਚਾਰ ਚਿੱਠੀਆਂ ਤੇ ਸੁਨੇਹੇ ਆਉਂਦੇ ਸਨ, ਪਰ ਹੁਣ ਤਾਂ ਅਜੇ ਤਕ ਸੁਨੇਹਾ ਵੀ ਕੋਈ ਨਹੀਂ ਆਇਆ।

ਇਹ ਸ਼ਬਦ ਪੰਜਵੇਂ ਪਾਤਸ਼ਾਹ ਨੇ ਲਾਹੌਰ ਜਦੋਂ ਗਏ ਸਨ, ਤੇ ਫਿਰ ਗੁਰੂ-ਪਿਤਾ ਦੇ ਸੁਨੇਹੇ ਨੂੰ ਉਡੀਕਦੇ ਰਹੇ ਸਨ, ਉਦੋਂ ਕਥਨ ਕੀਤਾ ਸੀ। ਆਖਦੇ ਹਨ ਕਿ ਐਸੇ ਗੁਣਾਂ ਵਾਲੇ ਤੇ ਸਮਰਥ ਗੁਰੂ-ਪਿਤਾ ਮੈਨੂੰ ਹਰਦਮ ਯਾਦ ਆ ਰਹੇ ਹਨ, ਤੇ ਕੋਠੇ ਤੇ ਚੜ੍ਹ ਚੜ੍ਹ ਕੇ ਮੈਂ ਰਸਤੇ ਵਲ ਵੇਖ ਰਹੀ ਹਾਂ ਕਿ ਸ਼ਾਇਦ ਕੋਈ ਸੁਨੇਹਾ ਦੇਣ ਵਾਲਾ ਆ ਰਿਹਾ ਹੋਵੇ, ਪਰ ਜਦ ਕੋਈ ਨਹੀਂ ਦਿਸਦਾ, ਤਾਂ ਨੈਣਾਂ ਵਿਚ ਵਿਛੋੜੇ ਦੀ ਤੜਪ ਪਾਣੀ ਬਣ ਕੇ ਆ ਜਾਂਦੀ ਹੈ ਤੇ ਨੇਤਰ ਭਰ ਜਾਂਦੇ ਹਨ।

ਫੇਰ ਖਿਆਲ ਕਰਦੇ ਹਨ ਕਿ ਇਹ ਮੇਰੀ ਹੀ ਕੋਈ ਗਲਤੀ ਹੈ, ਹਉਮੈ ਨੇ ਹੀ ਇਸ ਵਿਚ ਕੋਈ ਖਾਈ ਪੈਦਾ ਕਰ ਦਿਤੀ ਹੈ, ਨਹੀਂ ਤੇ ਲਾਹੌਰ ਤੋਂ ਅੰਮ੍ਰਿਤਸਰ ਕੋਈ ਦੂਰ ਤਾਂ ਨਹੀਂ ਤੇ ਇਸ ਵੇਲੇ ਭੰਬੀਰੀ ਦੇ ਪਰਦੇ ਵਿਚ ਆਉਣ ਵਾਂਗ ਹਾਲਤ ਬਣੀ ਹੋਈ ਹੈ। ਭਾਵ ਕੋਈ ਦੂਰ ਨਹੀਂ, ਨੇੜੇ ਹੀ ਹਾਂ, ਪਰ ਹਉਮੈ ਨੇ ਭੰਬੀਰੀ ਦੇ ਪਤਲੇ ਜੇਹੇ ਖੰਭ ਵਾਂਗ ਪਰਦਾ ਕਰ ਛਡਿਆ ਹੈ, ਕਿ ਨਾ ਵੇਖ ਸਕਣ। ਅਸੀਂ ਦੂਰ ਤੋਂ ਦੂਰ ਹੋਏ ਹੋਏ ਜਾਪ ਰਹੇ ਹਾਂ।

ਗੁਰੂ ਅਰਜਨ ਦੇਵ ਜੀ ਅਖੀਰ ਤੇ ਦਸਦੇ ਹਨ ਕਿ ਸੁਖਾਂ ਦੇ ਦਾਤੇ ਗੁਰਦੇਵ ਨੇ ਵਿਚੋਂ ਹਉਮੈ ਦੀ ਕੰਧ ਅਖੀਰ ਨੂੰ ਹਟਾ ਹੀ ਦਿਤੀ, ਭਾਵ ਸਾਨੂੰ ਆਪਣੇ ਕੋਲ ਬੁਲਾ ਲਿਆ ਤੇ ਦਿਆਲਤਾ ਦੇ ਘਰ ਵਿਚ ਆਕੇ ਸਾਨੂੰ ਆਪਣੇ ਨਾਲ ਮਿਲਾ ਲਿਆ ਹੈ। ਤੇ ਫਿਰ ਸਭ ਫਿਕਰ ਤੇ ਅੰਦੇਸੇ ਗੁਰੂ ਨੇ ਮਿਟਾ ਦਿਤੇ, ਤੇ ਜੋ ਮਨ ਚਾਹੁੰਦਾ ਸੀ ਉਹੋ ਕੁਝ ਪ੍ਰਾਪਤ ਹੋ ਗਿਆ, ਕਿਉਂਕਿ ਸਰਬ ਗੁਣੀਏ ਪ੍ਰਭੂ ਪ੍ਰਮੇਸ਼ਰ ਦੀ ਸਾਨੂੰ ਸੰਗਤ ਮਿਲ ਗਈ ਤੇ ਉਸ ਨੇ ਸਾਨੂੰ ਰਾਵਿਆ, ਗਲ ਨਾਲ ਲਾ ਲਿਆ।

ਜਿਸ ਵੇਲੇ ਭਾਈ ਮੰਝ, ਉਸ ਦੀ ਪਤਨੀ ਤੇ ਨਾਲ ਆਉਣ ਵਾਲਾ ਸਿੱਖ ਅੰਮ੍ਰਿਤਸਰ ਪੁਜੇ ਤਾਂ ਠੀਕ ਉਸ ਸਮੇਂ ਇਹ ਸ਼ਬਦ, ਰਬਾਬੀ ਬੜੀ ਮਿੱਠੀ ਤੇ ਲੈਅ ਸੁਰ ਤਾਲ ਵਿਚ ਗਾ ਰਹੇ ਸਨ। ਵੈਰਾਗ ਤੇ ਪ੍ਰੇਮ ਦੇ ਹੁਲਾਰਿਆਂ ਦੇ ਝਟਕੇ ਸਰੋਤਿਆਂ ਦੇ ਮਨਾਂ ਨੂੰ ਸਰੂਰ ਤੇ ਵਜਦ ਵਿਚ ਲਿਆ ਰਹੇ ਸਨ। ਭਾਈ ਮੰਝ ਤੇ ਉਸ ਦੀ ਪਤਨੀ ਵੀ ਬੈਠ ਗਏ ਤੇ ਸ਼ਬਦ ਦੇ ਅਨੰਦ ਵਿਚ ਮਸਤ ਹੋ ਗਏ। ਦੀਵਾਨ ਦੇ ਭੋਗ ਤੋਂ ਮਗਰੋਂ ਹੀ ਉਹਨਾਂ ਨੂੰ ਇਸ ਗੱਲ ਦੀ ਵਿਚਾਰ ਪੈਦਾ ਹੋਈ ਕਿ ਅਸੀਂ ਤਾਂ ਗੁਰੂ ਜੀ ਦੇ ਬੁਲਾਏ ਹੋਏ ਅੰਮ੍ਰਿਤਸਰ ਪੁਜੇ ਹਾਂ,

ਪਰ ਗੁਰੂ ਸਾਹਿਬ ਮਹਿਲਾਂ ਨੂੰ ਚਲੇ ਗਏ। ਸਿੱਖ ਨੇ ੧੧ ਰੁਪਏ ਭਾਈ ਮੰਝ ਦੀ ਦਿਤੀ ਦਰਸ਼ਨ-ਭੇਟਾ ਸਤਿਗੁਰੂ ਜੀ ਦੇ ਅਰਪਨ ਕਰ ਦਿਤੀ ਤੇ ਦੱਸ ਦਿਤਾ ਕਿ ਉਹ ਅੰਮ੍ਰਿਤਸਰ ਪਹੁੰਚ ਗਏ ਹਨ।

ਭਾਈ ਮੰਝ ਦਾ ਖਿਆਲ ਸੀ ਕਿ ਦਿਨ ਚੜ੍ਹੇ ਗੁਰੂ ਜੀ ਆਪ ਹੀ ਬੁਲਾ ਲੈਣਗੇ, ਪਰ ਦੋ ਦਿਨ ਬੀਤ ਗਏ, ਗੁਰੂ ਸਾਹਿਬ ਨੇ ਬਿਲਕੁਲ ਬੁਲਾਇਆ ਤਕ ਨਾ। ਪਤਨੀ ਕਹਿਣ ਲਗੀ, "ਹੁਣ ਕੀ ਬਣੇ ? ਗੁਰੂ ਸਾਹਿਬ ਨੇ ਤਾਂ ਹਾਜ਼ਰ ਹੋਣ ਦਾ ਹੁਕਮ ਨਹੀਂ ਦਿੱਤਾ।"

"ਏਥੇ ਆਉਣ ਤੇ ਸੇਵਾ ਕਰਨ ਲਗ ਪਈਏ, ਆਪੇ ਜਦੋਂ ਉਨ੍ਹਾਂ ਦੀ ਮਰਜ਼ੀ ਹੋਈ ਸੱਦ ਲੈਣਗੇ।"

"ਠੀਕ ਹੈ, ਸੇਵਾ ਕਰਨ ਲਈ ਤਾਂ ਹੁਕਮ ਨਾਮੇ ਵਿਚ ਲਿਖਿਆ ਹੀ ਹੋਇਆ ਹੈ, ਸੇਵਾ ਕਰਨ ਲਗ ਜਾਂਦੇ ਹਾਂ।"

ਸੋ ਦੋਵੇਂ ਜਣੇ ਸੇਵਾ ਕਰਨ ਲਗ ਪਏ। ਪਾਣੀ ਲਿਆਉਂਦੇ ਲੱਕੜਾਂ ਢੋਂਦੇ ਤੇ ਹੋਰ ਜੋ ਕੋਈ ਸੇਵਾ ਨਜ਼ਰ ਆਉਂਦੀ, ਝਟ ਕਰਨ ਲਗ ਜਾਂਦੇ। ਪ੍ਰਸ਼ਾਦ ਦੋਵੇਂ ਵੇਲੇ ਲੰਗਰੋਂ ਛਕ ਲੈਂਦੇ ਤੇ ਸੇਵਾ ਬੜੇ ਜ਼ੋਰ ਨਾਲ ਕਰਨ ਲਗ ਪਏ।

ਤਿੰਨ ਚਾਰ ਮਹੀਨੇ ਬੀਤ ਗਏ। ਸੇਵਾ ਕਰਦੇ ਗਏ ਤੇ ਕਈ ਸਿੱਖਾਂ ਦੇ ਮੇਲ-ਮਿਲਾਪ ਦੇ ਅਨੰਦ ਵਿਚ ਮਗਨ ਹੋਣ ਲਗ ਪਏ। ਦੋਵੇਂ ਵੇਲੇ ਕਥਾ-ਕੀਰਤਨ ਦਾ ਵੀ ਅਨੰਦ ਮਾਣਦੇ। ਸਵੇਰੇ ਅੰਮ੍ਰਿਤ ਵੇਲੇ ਹੀ ਜਾਗ ਪੈਂਦੇ ਤੇ ਗੁਰਸਿੱਖੀ ਦੀ ਕਾਰ ਵਿਚ ਜੁੱਟ ਪੈਂਦੇ, ਪਰ ਅਜੇ ਸਿੱਖੀ ਮਿਲੀ ਨਹੀਂ, ਗੁਰੂ ਸਾਹਿਬ ਨੇ ਸਾਨੂੰ ਬੁਲਾਇਆ ਤਕ ਨਹੀਂ, ਜਦ ਇਹ ਗੱਲ ਕਿਤੇ ਯਾਦ ਆਉਂਦੀ ਤਾਂ, ਭਾਈ ਮੰਝ ਜੀ ਤੜਪ ਪੈਂਦੇ ਪਰ ਝਟ ਹੀ ਇਸ ਤੜਪ ਨੂੰ ਸੇਵਾ ਦੀ ਲਗਨ, ਸ਼ਬਦ ਕੀਰਤਨ ਦੇ ਅਨੰਦ ਵਿਚ ਮਗਨ ਹੋਕੇ ਦਬਾ ਦੇਂਦੇ ਤੇ ਲਗਨ ਨੂੰ ਟੁਟਣ ਨਾ ਦੇਂਦੇ, ਸੇਵਾ ਨੂੰ ਵਧਾਈ ਜਾਂਦੇ ਤੇ ਪ੍ਰੇਮ ਵਿਚ ਵੀ ਵਾਧਾ ਕਰੀ ਜਾਂਦੇ।

ਇਸੇ ਤਰ੍ਹਾਂ ਹੀ ਛੇ ਮਹੀਨੇ ਬੀਤ ਗਏ। ਇਕ ਦਿਨ ਭਾਈ ਮੰਝ ਤੇ ਉਸ ਦੀ ਪਤਨੀ ਲੰਗਰ ਵਿਚੋਂ ਪ੍ਰਸ਼ਾਦ ਛਕ ਕੇ ਬਾਹਰ ਨਿਕਲੇ ਹੀ ਸਨ ਕਿ ਗੁਰੂ ਸਾਹਿਬ ਨੇ ਇਕ ਸਿੱਖ ਨੂੰ ਭੇਜ ਕੇ ਭਾਈ ਮੰਝ ਨੂੰ ਬੁਲਾਇਆ। ਭਾਈ ਮੰਝ ਨੇ ਸ਼ੁਕਰ ਕੀਤਾ ਕਿ ਗੁਰੂ ਸਾਹਿਬ ਨੇ ਯਾਦ ਤਾਂ ਕੀਤਾ ਹੈ, ਸੋ ਭਾਈ ਮੰਝ ਹੱਥ ਜੋੜੀ ਗੁਰੂ ਸਾਹਿਬ ਦੇ ਹਜ਼ੂਰ ਪੁਜਾ।

"ਭਾਈ ਮੰਝ!"

"ਜੀ ਹਾਂ।"

"ਤੂੰ ਕੀ ਕਰਦਾ ਹੈਂ ?"

"ਜੀ ਹਜ਼ੂਰ ਦੇ ਹੁਕਮ ਅਨੁਸਾਰ ਸੇਵਾ ਵਿਚ ਲਗ ਰਿਹਾ ਹਾਂ।"

"ਰੋਟੀ ਕਿਥੋਂ ਖਾਂਦਾ ਹੈਂ ?"

"ਜੀ ਲੰਗਰ ਵਿਚੋਂ ?"

"ਫਿਰ ਤੇਰੀ ਸੇਵਾ, ਸੇਵਾ ਕਿਵੇਂ ਹੋਈ ?"

"ਦਾਤਾ ! ਮੈਂ ਤੁਹਾਡੀ ਰਮਜ਼ ਨੂੰ ਨਹੀਂ ਸਮਝਿਆ।"

"ਅਸੀਂ ਏਹੋ ਹੀ ਆਖਦੇ ਹਾਂ ਕਿ ਤੇਰੀ ਸੇਵਾ ਤਾਂ ਸਫਲ ਹੈ, ਜੇ ਸੇਵਾ ਦਾ ਇਵਜਾਨਾ ਨਾ ਲਵੇਂ।"

"ਜੀ ਫ਼ੇਰ ਹੁਕਮ ਕਰੋ, ਕੀ ਕਰਾਂ।"

"ਲੰਗਰ ਵਿਚੋਂ ਰੋਟੀ ਖਾਣੀ ਛੱਡ ਦੇਹ, ਕਮਾਈ ਕਰ ਕੇ ਰੋਟੀ ਖਾਹ, ਤੇ ਫ਼ੇਰ ਵਕਤ ਕੱਢ ਕੇ ਸੇਵਾ ਕਰ, ਜੇ ਕੁਝ ਪ੍ਰਾਪਤ ਕਰਨਾ ਹਈ।"

"ਸਤ ਬਚਨ।"

"ਜਾਓ, ਰੋਟੀ ਆਪਣੀ ਦਸਾਂ ਨੌਂਹਾਂ ਦੀ ਕਿਰਤ ਕਰ ਕੇ ਖਾਓ, ਤੇ ਸੇਵਾ ਕਰਕੇ ਫਿਰ ਜਨਮ ਸਫਲਾ ਕਰੋ, ਸਿੱਖੀ ਫਿਰ ਤੈਨੂੰ ਖੁਦ ਹੀ ਪ੍ਰਾਪਤ ਹੋ ਜਾਏਗੀ।"

"ਜਿਵੇਂ ਹੁਕਮ!" ਕਹਿ ਕੇ ਭਾਈ ਮੰਝ ਨੇ ਸਿਰ ਝੁਕਾਇਆ ਤੇ ਚਲਾ ਗਿਆ।

੯

ਹੁਣ ਭਾਈ ਮੰਝ ਨੇ ਕੀ ਕੀਤਾ, ਅਗੇ ਤਾਂ ਬੇ-ਹਿਸਾਬੀ ਸੇਵਾ ਕਰਦਾ ਸੀ ਕਦੇ ਪਾਣੀ ਦੀ, ਕਦੇ ਝਾੜੂ ਦੀ, ਕਦੇ ਲੱਕੜਾਂ ਦੀ, ਕਦੇ ਘਾਹ ਲੈ ਆਉਣਾ ਤੇ ਗੁਰੂ ਸਾਹਿਬ ਦੇ ਘੋੜੇ ਆਦਿ ਪਸ਼ੂਆਂ ਨੂੰ ਪਾ ਦੇਣਾ, ਜਾਂ ਹੋਰ ਜਿਸ ਕਿਸਮ ਦੀ ਵੀ ਸੇਵਾ ਸਾਹਮਣੇ ਹੁੰਦੀ, ਉਹ ਓਹੋ ਹੀ ਕਰਨ ਲੱਗ ਪੈਂਦਾ, ਪਰ ਹੁਣ ਉਸ ਨੇ ਸੇਵਾ ਕਰਨ ਦਾ ਅਸੂਲ ਬਣਾ ਲਿਆ। ਇਕ ਜਾਂ ਦੋ ਪੰਡਾਂ ਲੱਕੜਾਂ ਦੀਆਂ ਨੇਮ ਨਾਲ ਲਿਆਉਣੀਆਂ ਤੇ ਲੰਗਰ ਵਿਚ ਲਿਆ ਸੁਟਣੀਆਂ ਤੇ ਫਿਰ ਇਕ ਘਾਹ ਦੀ ਪੰਡ ਲਿਆਉਣੀ, ਜੋ ਬਜ਼ਾਰ ਵਿਚ ਰੱਖ ਕੇ ਵੇਚ ਦੇਣੀ, ਆਨਾ ਦੋ ਆਨੇ ਜੋ ਵੱਟਣਾ ਉਸ ਵਿਚੋਂ ਦਸਵੰਧ ਗੁਰੂ ਦੇ ਹਜ਼ੂਰ ਤੇ ਬਾਕੀ ਰੋਟੀ ਪਾਣੀ ਦਾ ਖਰਚ ਚਲਾਉਣ ਲੱਗ ਪਏ। ਇਸ ਨੇਮ ਨੂੰ ਭਾਈ ਮੰਝ ਜੀ ਨੇ ਜੀਵਨ ਦਾ ਪੱਕਾ ਨੇਮ ਬਣਾ ਲਿਆ, ਤੇ ਨੇਮ ਤੋਂ ਹੀ ਪ੍ਰੇਮ ਤੇ ਪ੍ਰੇਮ ਤੋਂ ਪ੍ਰਭੂ ਦੀ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ।

ਇਕ ਦਿਨ ਭਾਈ ਮੰਝ ਜੀ ਲੱਕੜਾਂ ਦੀਆਂ ਪੰਡਾਂ ਸੁਟ ਕੇ ਪਤਨੀ ਸਮੇਤ ਬਾਹਰ ਨੂੰ ਜਾ ਰਹੇ ਸਨ। ਉਹ ਘਾਹ ਦੀ ਪੰਡ ਬਣਾਕੇ ਲਿਆਉਣ ਲਈ ਚੱਲੇ ਸਨ, ਅਜੇ ਥੋੜ੍ਹੀ ਦੂਰ ਆਏ ਸਨ ਕਿ ਭਾਈ ਮੰਝ ਨੇ ਵੇਖਿਆ ਕਿ ਉਨ੍ਹਾਂ ਦੇ ਪਿੰਡ ਦਾ ਦਿਆਲਾ, ਜਿਸ ਨੂੰ ਉਹ ਆਪਣੀ ਲੜਕੀ ਦੇ ਆਏ ਸਨ, ਉਹ ਆਉਂਦਾ ਦਿਖਾਈ ਦਿਤਾ, ਪਰ ਉਹ ਅਜੇ ਦੂਰ ਹੀ ਸੀ। ਉਸ ਨੇ ਵੇਖਿਆ ਕਿ ਉਸ ਦੇ ਨਾਲ ਦੋ ਤਿੰਨ ਬੰਦੇ ਤੇ ਇਸਤਰੀਆਂ ਹੋਰ ਵੀ ਸਨ। ਉਸ ਨੇ ਇਸਤਰੀ ਨੂੰ ਰੁਕ ਜਾਣ ਲਈ ਕਿਹਾ ਤੇ ਦੱਸਿਆ ਕਿ "ਔਹ ਦੇਖ, ਸਾਹਮਣੇ ਪਾਸਿਓਂ, ਦਿਆਲਾ ਤਾਂ ਨਹੀਂ ਆ ਰਿਹਾ ?"

"ਕਿਹੜਾ ਦਿਆਲਾ।"

"ਜਿਸ ਕੋਲ ਸੁਮਿਤ੍ਰਾਂ ਨੂੰ ਛਡ ਆਏ ਸਾਂ।"

ਹੁਣ ਭਾਈ ਮੰਝ ਦੀ ਪਤਨੀ ਨੇ ਧਿਆਨ ਨਾਲ ਵੇਖਿਆ ਤੇ ਕਿਹਾ, "ਔਹ ਦੇਖੋ ਸੁਮਿਤ੍ਰਾਂ ਵੀ ਨਾਲ ਆ ਰਹੀ ਹੈ।"

"ਪਰ ਇਹ ਕੀ ਕਰਨ ਆਏ ਹਨ, ਇਹ ਤਾਂ ਸਰਵਰੀਏ ਸਨ ?"

"ਕੀ ਪਤਾ ਸਾਨੂੰ ਹੀ ਮਿਲਣ ਆਏ ਹੋਣ ?"

ਦੋਵੇਂ ਪਤੀ-ਪਤਨੀ ਏਥੇ ਹੀ ਰੁਕ ਗਏ, ਤੇ ਉਨ੍ਹਾਂ ਦੀ ਉਡੀਕ ਕਰਨ ਲੱਗ ਪਏ।

ਭਾਈ ਦਿਆਲੇ ਨੇ ਭਾਈ ਮੰਝ ਕੋਲੋਂ ਜਦ ਸੁਮਿੱਤਰਾਂ ਨੂੰ ਪ੍ਰਾਪਤ ਕੀਤਾ ਸੀ, ਤਾਂ ਉਦੋਂ ਹੀ ਉਸ ਦਾ ਮਨ ਭਾਈ ਮੰਝ ਦੇ ਸਿਦਕ ਅਤੇ ਸਿਰੜ ਨੇ ਐਸਾ ਪ੍ਰੇਰ ਦਿਤਾ ਸੀ ਕਿ ਉਹ ਦਿਲੋਂ ਸਿੱਖ ਉਦੋਂ ਦਾ ਹੀ ਬਣ ਗਿਆ ਸੀ ਤੇ ਭਾਈ ਮੰਝ ਦੀ ਸਾਰੀ ਕਹਾਣੀ ਨੂੰ ਜਦ ਉਸ ਨੇ ਜਾਕੇ, ਜਿਥੇ ਸੁਮਿੱਤਰਾਂ ਨੂੰ ਮੰਗਿਆ ਹੋਇਆ ਸੀ, ਗੱਲ ਕੀਤੀ, ਤੇ ਦੱਸਿਆ ਕਿ ਮੈਂ ਹੁਣ ਆਪ ਹੀ ਸੁਮਿੱਤਰਾਂ ਦਾ ਵਿਆਹ ਕਰਨਾ ਹੈ, ਮੰਝ ਤਾਂ ਇਸ ਨੂੰ ਮੇਰੇ ਕੋਲ ਛੱਡ ਕੇ ਅੰਮ੍ਰਿਤਸਰ ਚਲਾ ਗਿਆ ਹੈ ਤਾਂ ਉਹ ਵੀ ਏਨੇ ਪ੍ਰਭਾਵਤ ਹੋਏ ਕਿ ਉਨ੍ਹਾਂ ਦੇ ਮਨ ਵਿਚ ਵੀ ਗੁਰੂ-ਪ੍ਰੀਤੀ ਦੀ ਅਭਿਲਾਖਾ ਤੀਬਰਤਾ ਨਾਲ ਜਾਗ ਪਈ।

ਦਿਆਲੇ ਨੇ ਸੁਮਿੱਤਰਾਂ ਦਾ ਵਿਆਹ ਕਰ ਦਿੱਤਾ। ਇਸ ਗੱਲ ਨੂੰ ਇਕ ਵਰ੍ਹਾ ਬੀਤ ਗਿਆ ਸੀ ਤੇ ਵਰ੍ਹੇ ਮਗਰੋਂ ਸੁਮਿੱਤਰਾਂ ਦੇ ਸਹੁਰਿਆਂ ਨੇ ਆਖ ਵੇਖ ਕੇ ਭਾਈ ਦਿਆਲੇ ਨੂੰ ਤਿਆਰ ਕਰ ਲਿਆ ਕਿ ਅੰਮ੍ਰਿਤਸਰ ਜ਼ਰੂਰ ਚਲਣਾ ਹੈ। ਸੁਮਿੱਤਰਾਂ ਦਾ ਪਤੀ, ਉਸ ਦਾ ਪਿਤਾ, ਮਾਤਾ ਤੇ ਸੁਮਿੱਤਰਾਂ, ਇਹ ਸਾਰੇ ਜਣੇ ਹੀ ਭਾਈ ਦਿਆਲਾ ਦੇ ਘਰ ਆਏ ਤੇ ਉਥੋਂ ਦਿਆਲੇ ਤੇ ਉਸ ਦੀ ਪਤਨੀ ਨੂੰ ਨਾਲ ਲਿਆ ਤੇ ਅੰਮ੍ਰਿਤਸਰ ਨੂੰ ਤੁਰ ਪਏ।

ਅੱਜ ਚੌਥੇ ਕੁ ਦਿਨ ਮਗਰੋਂ ਉਹ ਅੰਮ੍ਰਿਤਸਰ ਦੇ ਨੇੜੇ ਆਣ ਪੁਜੇ ਸਨ। ਦੂਰੋਂ ਹੀ ਸੰਗਤਾਂ ਦੀ ਆਵਾਜਾਈ ਨੇ ਉਨ੍ਹਾਂ ਦੇ ਮਨ ਤੇ ਸਗੋਂ ਹੋਰ ਪ੍ਰਭਾਵ ਪਾਉਣਾ ਸ਼ੁਰੂ ਕਰ ਦਿਤਾ ਸੀ ਕਿ ਭਾਈ ਮੰਝ ਐਵੇਂ ਨਹੀਂ ਅੰਮ੍ਰਿਤਸਰ ਆਇਆ, ਇਥੇ ਕੋਈ ਅਲੌਕਿਕ ਬਰਕਤਾਂ ਹਨ, ਜਿਨ੍ਹਾਂ ਦੇ ਕਾਰਨ ਏਨੀ ਦੁਨੀਆਂ ਦੀ ਆਵਾਜਾਈ ਬਣੀ ਹੋਈ ਹੈ।

ਦਿਆਲਾ ਕਹਿਣ ਲਗਾ, "ਹੁਣ ਜਾਂਦਿਆਂ ਹੀ ਜੇ ਭਾਈ ਮੰਝ ਮਿਲ ਜਾਏ, ਤਾਂ ਠੀਕ ਗੱਲ ਹੈ।"

"ਖਬਰੇ ਮਿਲ ਹੀ ਜਾਏ, ਜ਼ਰਾ ਵੇਖਦੇ ਚਾਖਦੇ ਜਾਓ।" ਭਾਈ ਮੰਝ ਦੇ ਕੁੜਮ ਨੇ ਕਿਹਾ।

"ਜਿਨੂੰ ਯਾਦ ਕਰੀਏ ਉਹ ਵੀ ਯਾਦ ਕਰਦੈ" ਵਾਲੀ ਹੀ ਗੱਲ ਹੋਈ। ਦਿਆਲਾ ਤੇ ਉਸਦੇ ਸਾਥੀ ਮੰਝ ਦੀਆਂ ਗੱਲਾਂ ਕਰਦੇ ਅਗੇ ਵਧੇ ਤਾਂ ਅਗੋਂ ਭਾਈ ਮੰਝ ਨੇ ਆਪ ਹੀ ਅਗੇ ਵਧਕੇ ਕਿਹਾ, "ਆਓ, ਬਈ ਸਜਣੋਂ ! ਤੁਸੀਂ ਕਿਧਰੋਂ ?"

"ਲੌ ਭਾਈ ਮੰਝ ਆਪ ਹੀ ਮਿਲ ਗਿਆ। ਅਸੀਂ ਗੱਲਾਂ ਹੀ ਕਰਦੇ ਆਉਂਦੇ ਸਾਂ ਕਿ ਜੇ ਭਾਈ ਮੰਝ ਮਿਲ ਜਾਏ ਤਾਂ ਠੀਕ ਗੱਲ ਹੈ।" ਭਾਈ ਦਿਆਲੇ ਨੇ ਕਿਹਾ ਤੇ ਅਗੇ ਹੋ ਕੇ ਮੰਝ ਨੂੰ ਜੱਫੀ ਪਾ ਲਈ।

ਸੁਮਿੱਤਰਾਂ ਵਧ ਕੇ ਮਾਂ ਦੇ ਗਲੇ ਨਾਲ ਆ ਲੱਗੀ ਤੇ ਪ੍ਰੇਮ ਨਾਲ ਦੋਹਾਂ ਮਾਵਾਂ ਧੀਆਂ ਦੇ ਨੇਤਰਾਂ ਵਿਚ ਜਲ ਆ ਗਿਆ। ਏਨੇ ਨੂੰ ਦਿਆਲੇ ਦੀ ਪਤਨੀ ਤੇ ਕੁੜਮਣੀਂ ਅਗੇ ਹੋਈਆਂ ਤੇ ਵਾਰੋ ਵਾਰੀ ਭਾਈ ਮੰਝ ਦੀ ਪਤਨੀ ਨੂੰ ਮਿਲੀਆਂ।

ਸਾਰੇ ਰਸਤੇ ਤੋਂ ਇਕ ਪਾਸੇ ਹੋ ਕੇ ਬੈਠ ਗਏ ਤੇ ਫੇਰ ਗੱਲਾਂ ਕਰਨ ਲਗ ਗਏ।

"ਭਾਈ ਮੰਝ! ਠੀਕ ਠਾਕ ਤਾਂ ਹੋ, ਹੁਣ ਏਥੇ ਕੀ ਕਰਦੇ ਹੋ ?" ਦਿਆਲੇ ਨੇ ਪੁਛਿਆ।

"ਠੀਕ ਠਾਕ ਹਾਂ, ਗੁਰੂ ਦੀ ਬੜੀ ਕਿਰਪਾ ਹੈ ਤੇ ਸੇਵਾ ਵਿਚ ਲਗੇ ਹੋਏ ਹਾਂ।"

"ਸਿੱਖੀ ਪ੍ਰਾਪਤ ਹੋ ਗਈ ?"

"ਅਜੇ ਤਾਂ ਸੇਵਾ ਦਾ ਹੁਕਮ ਹੋਇਆ ਹੈ, ਸਿੱਖੀ ਦੇਣੀ ਤਾਂ ਗੁਰੂ ਜੀ ਦੇ ਅਖਤਿਆਰ ਹੈ, ਜਦੋਂ ਉਹ ਠੀਕ ਸਮਝਣਗੇ ਦੇ ਦੇਣਗੇ।"

"ਹੈਂ, ਅਜੇ ਸਿੱਖੀ ਨਹੀਂ ਮਿਲੀ ?" ਭਾਈ ਦਿਆਲਾ ਵੱਡੀ ਹੈਰਾਨਗੀ ਨਾਲ ਬੋਲਿਆ।

"ਹਾਂ ਸਾਲ ਤੋਂ ਵਧ ਸਮਾਂ ਹੋ ਗਿਆ ਹੈ, ਪਰ ਨੇਮ ਨਾਲ ਸੇਵਾ ਸ਼ੁਰੂ ਕੀਤੇ ਨੂੰ ਤਾਂ ਕੇਵਲ ਤਿੰਨ ਚਾਰ ਮਹੀਨੇ ਹੀ ਹੋਏ ਹਨ, ਹੁਣ ਸਿੱਖੀ ਮਿਲ ਜਾਏਗੀ, ਮੈਨੂੰ ਆਸ ਲੱਗ ਗਈ ਹੈ।"

"ਤੇ ਜਿਹੜੇ ਅਸੀਂ ਏਨੀ ਦੂਰੋਂ ਸਿੱਖ ਬਣਨ ਵਾਸਤੇ ਆਏ ਹਾਂ, ਸਾਡਾ ਕੀ ਬਣੇਗਾ ?"

"ਤੁਸੀਂ ਇਹ ਖਿਆਲ ਨਾ ਕਰੋ, ਕਿ ਜੇ ਮੈਨੂੰ ਸਿੱਖੀ ਨਹੀਂ ਮਿਲੀ, ਤਾਂ

ਤੁਹਾਨੂੰ ਵੀ ਨਹੀਂ ਮਿਲੇਗੀ, ਮੇਰੀ ਤਾਂ ਕੋਈ ਖਾਸ ਗੱਲ ਹੋ ਗਈ ਜਾਪਦੀ ਹੈ, ਨਹੀਂ ਤੇ ਸੈਂਕੜੇ ਰੋਜ਼ ਆਉਂਦੇ ਤੇ ਸਿੱਖ ਬਣਕੇ ਜਾਂਦੇ ਹਨ।"

"ਫੇਰ ਅਸੀਂ ਪੁੱਛ ਵੇਖੀਏ ?"

"ਪੁੱਛ ਲਓ, ਪਰ ਸਰਵਰ ਦੀ ਪੂਜਾ ਛੱਡ ਆਏ ਹੋ ?"

"ਸਰਵਰ ਦੀ ਪੂਜਾ ਤਾਂ ਭਾਈ ਮੰਝ ਅਸੀਂ ਓਦੋਂ ਦੀ ਹੀ ਛੱਡ ਦਿੱਤੀ ਹੋਈ ਹੈ, ਜਦ ਦੇ ਤੁਸੀਂ ਸੁਮਿੱਤਰਾਂ ਨੂੰ ਸਾਡੇ ਹਵਾਲੇ ਕਰਕੇ ਆਏ ਹੋ। ਜਦੋਂ ਦਾ ਮੈਂ ਸੁਮਿੱਤਰਾਂ ਨੂੰ ਇਹਨਾਂ ਦੇ ਘਰ ਵਿਆਹ ਦਿੱਤਾ ਹੈ, ਇਹ ਤਾਂ ਤੇਰੀਆਂ ਗੱਲਾਂ ਸੁਣ ਕੇ ਹੀ ਸਿੱਖ ਬਣ ਗਏ ਸਨ, ਇਹਨਾਂ ਨੇ ਵੀ ਸਰਵਰ ਦੀ ਪੂਜਾ ਉਸੇ ਦਿਨ ਤੋਂ ਛੱਡ ਦਿੱਤੀ ਸੀ।"

"ਵੇਖੋ ਨਾ, ਹੁਣ ਮੈਨੂੰ ਸਮਝ ਆ ਗਈ ਹੈ ਕਿ ਸਤਿਗੁਰੂ ਜੀ ਕਿਉਂ ਐਸਾ ਕਰ ਰਹੇ ਹਨ ? ਜੇ ਸਤਿਗੁਰੂ ਜੀ, ਐਸਾ ਨਾ ਕਰਦੇ, ਮੈਨੂੰ ਪ੍ਰੀਖਿਆ ਵਿਚ ਨਾ ਪਾਉਂਦੇ, ਜਾਂ ਮੈਨੂੰ ਪ੍ਰੀਖਿਆ ਵੇਖ ਕੇ ਖਿਸਕ ਜਾਨ ਦੇਂਦੇ, ਤਾਂ ਇਹ ਗੱਲ ਕਿਥੋਂ ਬਣਨੀ ਸੀ, ਤੁਹਾਡੇ ਮਨਾਂ ਵਿਚ ਆਪੇ ਤੋਂ ਆਪ ਸਿੱਖ ਬਣਨ ਦਾ ਖਿਆਲ ਕਿਥੋਂ ਪੈਦਾ ਹੋਣਾ ਸੀ ? ਸੋ ਠੀਕ ਹੈ ਸਤਿਗੁਰੂ ਜੀ, ਜੋ ਕਰ ਰਹੇ ਹਨ, ਉਹ ਸਾਡੇ ਭਲੇ ਲਈ ਹੀ ਕਰ ਰਹੇ ਹਨ।"

ਦਿਆਲੇ ਨੂੰ ਭਾਈ ਮੰਝ ਨੇ ਇਹ ਗੱਲ ਕਹੀ ਤੇ ਫਿਰ ਪਤਨੀ ਨੂੰ ਕਿਹਾ, "ਮੈਂ ਤਾਂ ਹੁਣ ਜਾਂਦਾ ਹਾਂ ਤੇ ਘਾਹ ਆਦਿ ਦਾ ਪ੍ਰਬੰਧ ਕਰਦਾ ਹਾਂ, ਤੇ ਤੁਸੀਂ ਇਹਨਾਂ ਨੂੰ ਲੈ ਜਾਓ, ਪਹਿਲੇ ਕੁਟੀਆ ਵਿਚ ਲਿਜਾਓ, ਆਰਾਮ ਕਰਾਓ ਤੇ ਜਲ ਪਾਣੀ ਦੀ ਸੇਵਾ ਕਰੋ ਤੇ ਫੇਰ ਸ਼ਾਮ ਨੂੰ ਸਾਰੇ ਗੁਰੂ ਦਰਬਾਰ ਵਿਚ ਚਲਾਂਗੇ।"

"ਬਹੁਤ ਹਛਾ !" ਪਤਨੀ ਨੇ ਕਿਹਾ ਤੇ ਉਹ ਸਾਰਿਆਂ ਨੂੰ ਨਾਲ ਲੈ ਕੇ ਨਗਰ ਨੂੰ ਆ ਗਈ ਤੇ ਭਾਈ ਮੰਝ ਘਾਹ ਲੈਣ ਲਈ ਚਲਾ ਗਿਆ।

ਅੱਜ ਭਾਈ ਮੰਝ ਨੇ ਅੱਗੇ ਨਾਲੋਂ ਚੋਖੇ ਘਾਹ ਦੀ ਪੰਡ ਲਈ ਤੇ ਦੋ ਤਿੰਨ ਪੈਸੇ ਵਧੇਰੇ ਵੱਟ ਲਏ।

ਏਨੇ ਚਿਰ ਨੂੰ ਤਰਕਾਲਾਂ ਪੈਣ ਲੱਗੀਆਂ ਸਨ ਤੇ ਸੰਧਿਆ ਦਾ ਦੀਵਾਨ ਸ਼ੁਰੂ ਹੋ ਗਿਆ ਸੀ। ਏਨੇ ਨੂੰ ਭਾਈ ਮੰਝ ਘਰ ਪੁਜਾ ਤੇ ਸਭ ਦੀ ਸੇਵਾ ਕੀਤੀ, ਪ੍ਰਸ਼ਾਦ ਪਾਣੀ ਛਕਾਇਆ ਤੇ ਫਿਰ ਗੁਰੂ ਕੇ ਦੀਵਾਨ ਵਿਚ ਆ ਗਏ।

ਰਬਾਬੀਆਂ ਦੇ ਸੁਰੀਲੇ ਤੇ ਪ੍ਰੇਮ ਮਈ ਹਰੀ ਕੀਰਤਨ ਨੇ ਸਭਨਾਂ ਦੇ ਮਨ

ਮੋਹ ਲਏ। ਮਨ ਤਾਂ ਅੱਗੇ ਹੀ ਮੋਹੇ ਹੋਏ ਸਨ, ਪਰ ਹੁਣ ਤਾਂ ਰੰਗ ਹੀ ਚੜ੍ਹ ਗਿਆ। "ਸਿੱਖ ਬਣਨ ਦੀ ਪ੍ਰਾਰਥਨਾ ਸਵੇਰੇ ਕਰਾਂਗੇ।" ਇਹ ਸੋਚਦੇ ਦੀਵਾਨ ਦੇ ਭੋਗ ਮਗਰੋਂ ਸਾਰੇ ਭਾਈ ਮੰਝ ਜੀ ਦੇ ਨਾਲ ਚਲੇ ਗਏ ਤੇ ਰਾਤ ਸਭ ਨੇ ਆਰਾਮ ਕੀਤਾ।

ਭਾਈ ਮੰਝ ਆਪਣੇ ਨੇਮ ਨਾਲ ਸਵੇਰੇ ਉਠਿਆ ਤੇ ਸਭ ਨੂੰ ਜਗਾ ਦਿੱਤਾ। ਸਭ ਨੇ ਸੋਚ ਇਸ਼ਨਾਨ ਕੀਤਾ ਤੇ ਗੁਰੂ ਦਰਬਾਰ ਵਿੱਚ ਆਣ ਹਾਜ਼ਰ ਹੋਏ। ਭਾਈ ਮੰਝ ਨੇ ਕਿਹਾ ਕਿ ਮੈਂ ਆਪਣੇ ਨੇਮ ਅਨੁਸਾਰ ਲੱਕੜਾਂ ਲੈਣ ਲਈ ਚੱਲਿਆ ਹਾਂ ਤੇ ਦੁਪਹਿਰਾਂ ਤਕ ਤੁਹਾਡੇ ਪਾਸ ਆਵਾਂਗਾ। ਸੋ ਭਾਈ ਮੰਝ ਜੀ ਲੱਕੜਾਂ ਲੈਣ ਲਈ ਚਲੇ ਗਏ।

ਭਾਈ ਦਿਆਲਾ ਤੇ ਮੰਝ ਦੇ ਕੁੜਮ ਨੇ ਦੀਵਾਨ ਦੇ ਭੋਗ ਮਗਰੋਂ ਸਿੱਖ ਬਣਨ ਦੀ ਅਰਦਾਸ ਕੀਤੀ। ਜਾਣੀ ਜਾਣ ਸਤਿਗੁਰੂ ਜੀ ਜਾਣਦੇ ਸਨ ਕਿ ਇਹ ਭਾਈ ਮੰਝ ਜੀ ਦੇ ਕਰਨੀ ਦੇ ਪ੍ਰੇਰੇ ਹੋਏ ਸਿੱਖ ਬਣਨ ਆਏ ਨੇ, ਸੋ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਨਦਰੀ ਨਦਰ ਨਿਹਾਲ ਕਰਕੇ ਸਿੱਖ ਬਣਾ ਦਿੱਤਾ।

ਗੁਰੂ ਜੀ ਦੇ ਪੁੱਛਣ ਤੇ ਉਨ੍ਹਾਂ ਨੂੰ ਭਾਈ ਮੰਝ ਦੀ ਲੜਕੀ ਦੇ ਸਾਰੇ ਸਮਾਚਾਰ ਸੁਣਾਉਣੇ ਪਏ ਤੇ ਸੰਗਤਾਂ ਵੀ ਸੁਣਕੇ ਅਸ਼ ਅਸ਼ ਕਰ ਉਠੀਆਂ ਕਿ ਗੁਰੂ ਹੁਕਮ ਬਦਲੇ ਏਨੀ ਕੁਰਬਾਨੀ ਕਿ ਲੜਕੀ ਨੂੰ ਗੈਰ ਦੇ ਹਵਾਲੇ ਕਰ ਦਿੱਤਾ, ਪਰ ਨਾਲ ਗੁਰੂ ਦੀ ਕਿਰਪਾ ਦੀਆਂ ਵੀ ਹੱਦਾਂ ਹੋ ਗਈਆਂ ਹਨ ਕਿ ਗੈਰ ਵੀ ਆਪਣੇ ਬਣ ਗਏ, ਆਪਣੇ ਕੀ ਬਣੇ ਸਗੋਂ ਉਸ ਦੀ ਕਰਨੀ ਤੇ ਮੋਹਿਤ ਹੀ ਹੋ ਗਏ ਤੇ ਅੱਜ ਉਹ ਭਾਈ ਮੰਝ ਦੇ ਸੱਚੇ ਸਾਥੀ (ਗੁਰ-ਭਾਈ) ਬਣ ਗਏ ਸਨ।

੧੦.

ਭਾਈ ਮੰਝ ਦੇ ਪਿਛੋਂ ਆਏ ਸਾਥੀ ਤੇ ਉਸ ਦੀ ਲੜਕੀ, ਦੋ ਚਾਰ ਦਿਨ ਰਹੇ ਤੇ ਵਾਪਸ ਚਲੇ ਗਏ, ਲੜਕੀ ਸੁਖੀ ਹੈ, ਇਸ ਗੱਲ ਨੇ ਭਾਈ ਮੰਝ ਨੂੰ ਵੀ ਪ੍ਰਸੰਨਤਾ ਬਖਸ਼ੀ ਪਰ ਮਾਂ ਦੀਆਂ ਆਂਦਰਾਂ ਨੂੰ ਖਾਸ ਤੌਰ ਤੇ ਠੰਡ ਪਾਈ। ਜਦੋਂ ਦੀ ਮਾਂ, ਆਪਣੀ ਲੜਕੀ ਨੂੰ ਛੱਡ ਕੇ ਆਈ ਸੀ, ਉਪਰੋਂ ਭਾਵੇਂ ਕਿਸੇ ਤਰ੍ਹਾਂ ਵੀ ਰਹਿੰਦੀ ਸੀ ਤੇ ਉਭਾਸਰਦੀ ਨਹੀਂ ਸੀ, ਪਰ ਵਿਚੋ ਵਿਚ ਧੀ ਦੀ ਚਿੰਤਾ ਉਸ ਨੂੰ ਕਿਸੇ ਵੇਲੇ ਪਾਗਲਾਂ ਵਾਂਗ ਕਰ ਦਿਆ ਕਰਦੀ ਸੀ। ਪਰ ਭਾਈ ਮੰਝ ਜੀ ਦੇ ਸਿਦਕੀ ਤੇ ਮਿਠਾਸ ਭਰੇ ਬਚਨ ਮਾਂ ਦੀ ਡਿੱਗੀ ਹੋਈ ਸੁਰਤ ਨੂੰ ਫੇਰ ਚੁਕ ਦਿਆ ਕਰਦੇ ਸਨ। ਪਰ ਹੁਣ ਜਦ ਧੀ ਦੀ ਹਰ ਗੱਲ ਨੂੰ ਉਸ ਨੇ ਠੀਕ ਵੇਖਿਆ, ਤਾਂ ਹੁਣ ਤੋਂ ਉਸਦਾ ਹਿਰਦਾ ਬਿਲਕੁਲ ਹੀ ਸ਼ਾਂਤ ਤੇ ਸੱਚੇ ਦਿਲ ਨਾਲ ਸਿੱਖੀ ਦੀ ਲਗਨ ਵਿੱਚ ਭਾਈ ਮੰਝ ਦੀ ਪੂਰੀ ਪੂਰੀ ਸਹਾਇਤਾ ਕਰਨ ਵਾਲਾ ਬਣ ਗਿਆ।

ਭਾਈ ਮੰਝ ਤਾਂ ਅੱਗੇ ਹੀ ਨੇਮ ਵਿੱਚ ਪੂਰਾ ਸੀ, ਪਰ ਹੁਣ ਪਤਨੀ ਵੀ ਨੇਮਣ ਬਣ ਗਈ। ਦੋਵੇਂ ਵੇਲੇ ਲੰਗਰ ਦੀ ਸੇਵਾ ਕਰਨ ਲਈ ਜਾਣ ਲੱਗ ਪਈ। ਭਾਂਡੇ ਮਾਂਜਣ, ਆਟਾ ਗੁੰਨ੍ਹਣ, ਪ੍ਰਸ਼ਾਦੇ ਪਕਾਉਣ ਜਾਂ ਹੋਰ ਜੋ ਵੀ ਸੇਵਾ ਮਿਲਦੀ, ਉਹ ਦੋਵੇਂ ਵੇਲੇ ਕਰ ਆਉਂਦੀ, ਪਰ ਘਰ ਜਾ ਕੇ ਆਪਣਾ ਨਿੱਜੀ ਲੰਗਰ ਵੀ ਨੇਮ ਨਾਲ ਬਣਾਉਂਦੀ। ਜੋ ਭਾਈ ਮੰਝ, ਘਾਹ ਦੇ ਪੈਸੇ ਕਮਾਕੇ ਲਿਆਉਂਦਾ ਉਸ ਵਿੱਚ ਉਹ ਦੋਵੇਂ ਜੀਅ ਆਪਣਾ ਗੁਜ਼ਾਰਾ ਕਰਦੇ।

ਭਾਈ ਮੰਝ ਜੀ ਲੱਕੜਾਂ ਲੈਣ ਲਈ ਕਦੇ ਤੁੰਗ ਪਿੰਡ ਵਾਲੇ ਪਾਸੇ ਨਿਕਲ ਜਾਂਦੇ, ਕਦੇ ਗਲਵਾਲੀ, ਕਦੇ ਸੁਲਤਾਨ ਵਿੰਡ ਤੇ ਕਦੇ ਚਾਟੀਵਿੰਡ ਵੱਲ ਚਲੇ ਜਾਂਦੇ। ਜੰਗਲ ਆਲੇ ਦੁਆਲੇ ਕਾਫੀ ਹੋਣ ਕਰਕੇ ਲੱਕੜ ਆਮ ਮਿਲ ਜਾਂਦੀ ਸੀ ਤੇ ਭਾਈ ਮੰਝ ਦੂਰ ਦੂਰ ਤਕ ਜਾ ਕੇ ਲੱਕੜਾਂ ਇਕੱਠੀਆਂ ਕਰਦਾ ਤੇ ਪੰਡਾਂ ਬੰਨ੍ਹ ਕੇ ਲਿਆ ਕੇ ਲੰਗਰ ਵਿੱਚ ਸੁੱਟ ਜਾਂਦਾ ਸੀ। ਮੀਂਹ ਹੋਵੇ, ਹਨੇਰੀ ਹੋਵੇ, ਗਰਮੀ ਹੋਵੇ ਜਾਂ ਸਰਦੀ, ਪਰ ਭਾਈ ਮੰਝ ਆਪਣੇ ਨੇਮ ਵਿੱਚ ਫਰਕ ਨਹੀਂ ਸੀ

ਆਉਣ ਦਿੰਦਾ, ਤੇ ਉਸਦੀ ਸੇਵਾ ਦੀ ਲਗਨ ਵਧਦੀ ਜਾ ਰਹੀ ਸੀ। ਹੁਣ ਉਸ ਨੂੰ ਇਹ ਖਿਆਲ ਆਉਣਾ ਵੀ ਘਟ ਹੋ ਗਿਆ ਸੀ ਕਿ ਗੁਰੂ ਜੀ ਨੇ ਅਜੇ ਤਕ ਮੈਨੂੰ ਸਿੱਖੀ ਨਹੀਂ ਬਖਸ਼ੀ, ਪਤਾ ਨਹੀਂ ਕੀ ਗੱਲ ਹੈ।

ਹੋਰ ਕੋਈ ਕੱਚੇ ਸਿਦਕ ਵਾਲਾ ਹੁੰਦਾ, ਤਾਂ ਭੱਜ ਜਾਂਦਾ, ਪਰ ਭਾਈ ਮੰਝ ਉਨ੍ਹਾਂ ਵਿਚੋਂ ਨਹੀਂ ਸੀ, ਉਹ ਤਾਂ ਕਬੀਰ ਜੀ ਦੇ ਕਥਨ ਅਨੁਸਾਰ :-

ਕਬੀਰ ਕਸਉਟੀ ਰਾਮ ਕੀ, ਝੂਠਾ ਟਿਕੈ ਨ ਕੋਇ ॥
ਰਾਮ ਕਸਉਟੀ ਸੋ ਸਹੈ, ਜੋ ਮਰਿ ਜੀਵਾ ਹੋਇ ॥੩੩॥
(ਸਲੋਕ ਕਬੀਰ ਜੀ)

"ਰੰਗ ਲਾਗਤ ਲਾਗਤ ਲਾਗਤ ਹੈ" ਵਾਲੀ ਗੱਲ ਬਣਦੀ ਜਾਂਦੀ ਸੀ। ਬੱਸ ਸੇਵਾ ਦਾ ਰੰਗ ਹੀ ਚੜ੍ਹਦਾ ਜਾ ਰਿਹਾ ਸੀ। ਇਸ ਦੇ ਨਾਲ ਹੀ ਗੁਰਬਾਣੀ ਦਾ ਪਾਠ ਕਰਨ ਵਿਚ ਵੀ ਘਟ ਨਾ ਰਹੇ। ਸ੍ਰੀ ਜਪੁਜੀ ਸਾਹਿਬ, ਰਹਰਾਸਿ, ਅਨੰਦ ਸਾਹਿਬ ਤੇ ਹੋਰ ਕਈ ਪਾਠਾਂ ਨੂੰ ਮੂੰਹ ਜ਼ਬਾਨੀ ਹੀ ਯਾਦ ਕਰ ਚੁਕੇ ਸਨ ਤੇ ਇਹ ਹਰ ਵੇਲੇ ਪਾਠ ਕਰਦੇ ਹੀ ਰਹਿੰਦੇ। ਲੱਕੜਾਂ ਇਕੱਠੀਆਂ ਕਰਦੇ ਵੀ ਪਾਠ ਕਰਦੇ, ਘਾਹ ਲਿਆਉਂਦੇ ਵੀ ਪਾਠ ਦੀ ਲੜੀ ਨਾ ਟੁਟਣ ਦਿੰਦੇ, ਤੇ ਇਉਂ ਹੌਲੀ ਹੌਲੀ ਉਹ ਇਕ ਸੁੱਚੇ ਮੋਤੀ ਬਣਦੇ ਜਾ ਰਹੇ ਸਨ। ਦੁਨੀਆਂ-ਦਾਰੀ ਦੀ ਕਾਣ ਨੂੰ ਵੀ ਛੱਡ ਗਏ ਤੇ ਸੇਵਾ ਭਾਵ ਵਿੱਚ ਵੀ ਉਚੇ ਤੋਂ ਉਚੇ ਹੁੰਦੇ ਗਏ।

ਇਹ ਕਿਉਂ ਹੋਇਆ ? ਭਾਈ ਮੰਝ ਜੀ ਵੇਖਦੇ ਸਨ ਕਿ ਗੁਰੂ ਅਰਜਨ ਸਾਹਿਬ ਆਪ ਖੁਦ ਬੜੀ ਸੇਵਾ ਕਰਦੇ ਸਨ, ਏਥੋਂ ਤਕ ਕਿ ਆਟਾ ਆਪਣੀ ਹੱਥੀਂ ਚੱਕੀ ਨਾਲ ਪੀਹ ਲਿਆਉਂਦੇ ਸਨ, ਕਈ ਵਾਰੀ ਭੇਸ ਬਦਲਕੇ, ਬਾਹਰੋਂ ਆਈਆਂ ਸੰਗਤਾਂ ਦੀ ਸੰਭਾਲ ਲਈ ਆਪ ਅਗੇ ਲਗ ਤੁਰਦੇ ਸਨ, ਤੇ ਥਕੇ ਹੋਏ ਸਿੱਖਾਂ ਦੀ ਮੁਠੀ ਚਾਪੀ ਵੀ ਕਰ ਆਉਂਦੇ ਸਨ, ਪਰ ਮਗਰੋਂ ਸਿੱਖਾਂ ਨੂੰ ਜਦ ਪਤਾ ਲੱਗ ਜਾਂਦਾ ਸੀ ਤੇ ਖਾਸ ਕਰ ਕੇ ਜਦ ਉਸ ਸੰਗਤ ਨੂੰ ਪਤਾ ਲੱਗਦਾ ਸੀ ਕਿ ਸਾਡੀ ਸੇਵਾ ਗੁਰੂ ਅਰਜਨ ਦੇਵ ਜੀ ਆਪ ਆਪਣੇ ਹੱਥਾਂ ਨਾਲ ਕੀਤੀ ਹੈ, ਤਾਂ ਕਈਆਂ ਦੇ ਰੌਂਗਟੇ ਹੀ ਖੜੇ ਹੋ ਜਾਂਦੇ ਸਨ। ਤੇ ਗੁਰੂ ਸਾਹਿਬ ਤੋਂ ਦੀਵਾਨ ਵਿਚ ਖੜੇ ਹੋ ਕੇ ਮਾਫੀਆਂ ਮੰਗਣ ਲੱਗ ਪੈਂਦੇ ਸਨ ਕਿ ਅਸੀਂ, ਤੁਹਾਨੂੰ ਉਸ ਵੇਲੇ ਨਮਸ਼ਕਾਰ ਨਾ ਕੀਤੀ, ਮਿੱਠਾ ਨਹੀਂ ਬੋਲਿਆ ਤੇ ਇਕ ਆਮ ਸਿੱਖ

ਵਾਂਗ ਸਮਝ ਕੇ ਹੀ ਗੱਲ ਬਾਤ ਕੀਤੀ ਹੈ। ਪਰ ਗੁਰੂ ਸਾਹਿਬ ਅਗੋਂ ਫੁਰਮਾਉਂਦੇ ਹਨ। ਆਪ ਆਪਣੇ ਸਿੱਖੀ ਜੀਵਨ, ਗੁਰੂ ਪਿਤਾ ਦੇ ਸਮੇਂ ਦੀ ਹਾਲਤ ਬਿਆਨ ਕਰਦੇ ਸਨ :-

ਜੋ ਦੀਸੈ ਗੁਰਸਿਖੜਾ, ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥ ਆਖਾ ਬਿਰਥਾ ਜੀਅ ਕੀ, ਗੁਰੁ ਸਜਣੁ ਦੇਹਿ ਮਿਲਾਇ ਜੀਉ ॥ ਸੋਈ ਦਸਿ ਉਪਦੇਸੜਾ, ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥ ਇਹੁ ਮਨੁ ਤੈ ਕੂੰ ਡੇਵਸਾ, ਮੈ ਮਾਰਗੁ ਦੇਹੁ ਬਤਾਇ ਜੀਉ ॥ ਹਉ ਆਇਆ ਦੂਰਹੁ ਚਲਿ ਕੈ, ਮੈ ਤਕੀ ਤਉ ਸਰਣਾਇ ਜੀਉ ॥ ਮੈ ਆਸਾ ਰਖੀ ਚਿਤਿ ਮਹਿ, ਮੇਰਾ ਸਭੋ ਦੁਖੁ ਗਵਾਇ ਜੀਉ ॥ ਇਤੁ ਮਾਰਗਿ ਚਲੇ ਭਾਈਅੜੇ, ਗੁਰੁ ਕਹੈ ਸੁ ਕਾਰ ਕਮਾਇ ਜੀਉ॥ ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ॥ ਇਉ ਪਾਵਹਿ ਹਰਿ ਦਰਸਾਵੜਾ, ਨਹ ਲਗੈ ਤਤੀ ਵਾਉ ਜੀਉ॥ ਹਉ ਆਪਹੁ ਬੋਲਿ ਨ ਜਾਣਦਾ, ਮੈ ਕਹਿਆ ਸਭੁ ਹੁਕਮਾਉ ਜੀਉ ॥ ਹਰਿ ਭਗਤਿ ਖਜਾਨਾ ਬਖਸਿਆ, ਗੁਰਿ ਨਾਨਕਿ ਕੀਆ ਪਸਾਉ ਜੀਉ ॥ ਮੈ ਬਹੁੜਿ ਨ ਤ੍ਰਿਸਨਾ ਭੁਖੜੀ, ਹਉ ਰਜਾ ਤ੍ਰਿਪਤਿ ਅਘਾਇ ਜੀਉ ॥ ਜੋ ਗੁਰ ਦੀਸੈ ਸਿਖੜਾ, ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥੩॥

(ਸੂਹੀ ਮਹਲਾ ੫, ਗੁਣਵੰਤੀ)

ਸਤਿਗੁਰੂ ਜੀ ਨੇ ਫੁਰਮਾਇਆ ਕਿ ਮੈਂ ਸਭ ਕੁਝ ਸਿੱਖ ਦੀ ਸੇਵਾ ਤੇ ਗੁਰੂ ਦੀ ਕਿਰਪਾ ਤੋਂ ਹੀ ਪ੍ਰਾਪਤ ਕੀਤਾ ਹੈ, ਤਾਂ ਮੈਂ ਇਸ ਗੁਣਾਂ ਦੀ ਖਾਣ ਸੇਵਾ ਨੂੰ ਕਿਵੇਂ ਛੱਡ ਦਿਆਂ ?

ਇਹ ਸੇਵਾ ਤਾਂ ਮਨ ਵਸ ਕਰਨ ਤੇ ਹੈ ਗੁਣਵੰਤੀ ਬਣਨ ਦਾ ਸਾਧਨ ਹੈ, ਤੇ ਇਸ ਪਉੜੀ ਤੇ ਹੀ, ਗੁਰੂ ਅੰਗਦ ਦੇਵ ਜੀ, ਤੇ ਗੁਰੂ ਅਮਰ ਦਾਸ ਜੀ, ਤੇ ਗੁਰੂ ਰਾਮਦਾਸ ਜੀ ਨੇ ਚੜ੍ਹ ਕੇ ਉਤਮ ਪਦਵੀ ਨੂੰ ਪ੍ਰਾਪਤ ਕੀਤਾ ਸੀ, ਤੇ ਉਸੇ ਸੇਵਾ ਨੂੰ ਅਸੀਂ ਕਰ ਰਹੇ ਹਾਂ ਤੇ ਸੇਵਾ ਕਰਨ ਲਈ ਹੀ ਸਿੱਖਾਂ ਨੂੰ

ਵੀ ਉਪਦੇਸ਼ ਦੇ ਰਹੇ ਹਾਂ ।

ਸਤਿਗੁਰੂ ਜੀ ਦੇ ਏਨਾਂ ਨਿਰਮਾਣਤਾ ਭਰੇ ਸ਼ਬਦਾਂ ਦਾ ਉਹ ਅਸਰ ਹੋਣ, ਕਿ ਮਨਾਂ ਦੀ ਮੈਲ ਧੋਤੀ ਜਾਣੀ, ਕਾਹਲਾ ਪਣ ਉੱਠ ਜਾਂਦਾ ਤੇ ਪ੍ਰੇਮਾ-ਭਗਤੀ, ਸੇਵਾ ਭਾਵ ਦੀ ਲਗਨ ਦੇ ਹੜ੍ਹ ਆ ਜਾਂਦੇ ।

ਦੇਖੋ ਸੇਵਾ ਦੀ ਕੈਸੀ ਤਸਵੀਰ ਖਿੱਚਦੇ ਹਨ :-

ਅਨਿਕ ਭਾਂਤਿ ਕਰਿ ਸੇਵਾ ਕਰੀਐ॥
ਜੀਉ ਪ੍ਰਾਨ ਧਨੁ ਆਗੈ ਧਰੀਐ॥
ਪਾਨੀ ਪਖਾ ਕਰਉ ਤਜਿ ਅਭਿਮਾਨੁ॥
ਅਨਿਕ ਬਾਰ ਜਾਈਐ ਕੁਰਬਾਨੁ ॥੧॥
ਸਾਈ ਸੁਹਾਗਣਿ ਜੋ ਪ੍ਰਭ ਭਾਈ॥
ਤਿਸ ਕੈ ਸੰਗਿ ਮਿਲਉ ਮੇਰੀ ਮਾਈ ॥੧॥ ਰਹਾਉ ॥
ਦਾਸਨਿ ਦਾਸੀ ਕੀ ਪਨਿਹਾਰਿ ॥
ਉਨ੍ ਕੀ ਰੇਣੁ ਬਸੈ ਜੀਅ ਨਾਲਿ ॥
ਮਾਥੈ ਭਾਗੁ ਤ ਪਾਵਉ ਸੰਗੁ ॥
ਮਿਲੈ ਸੁਆਮੀ ਅਪੁਨੈ ਰੰਗਿ ॥੨॥
ਜਾਪ ਤਾਪ ਦੇਵਉ ਸਭ ਨੇਮਾ॥
ਕਰਮ ਧਰਮ ਅਰਪਉ ਸਭ ਹੋਮਾ॥
ਗਰਬੁ ਮੋਹੁ ਤਜਿ ਹੋਵਉ ਰੇਨ॥
ਉਨ੍ ਕੈ ਸੰਗਿ ਦੇਖਉ ਪ੍ਰਭੁ ਨੈਨ ॥੩॥
ਨਿਮਖ ਨਿਮਖ ਏਹੀ ਆਰਾਧਉ॥
ਦਿਨਸੁ ਰੈਣਿ ਏਹ ਸੇਵਾ ਸਾਧਉ॥
ਭਏ ਕ੍ਰਿਪਾਲ ਗੁਪਾਲ ਗੋਬਿੰਦ॥
ਸਾਧ ਸੰਗਿ ਨਾਨਕ ਬਖਸਿੰਦ ॥੪॥੩੩॥੮੪॥

(ਆਸਾ ਮਹਲਾ ੫)

ਸੇਵਾ ਦੀ ਏਨੀ ਮਹਾਨਤਾ ਦਾ ਹੀ ਫਲ ਸੀ ਤੇ ਸੇਵਾ ਦੇ ਉਪਦੇਸ਼ ਦੇਣ ਦਾ ਇਹੀ ਕਾਰਨ ਸੀ ਕਿ ਇਸ ਦੇ ਨਾਲ ਹਉਮੈ, ਹੰਕਾਰ, ਮਾਣ ਤੇ ਵਡਿਆਈ ਦੇ ਅੰਸ਼ ਜੋ ਮਨੁੱਖੀ ਮਨ ਵਿਚ ਉਠਦੇ ਤੇ ਮਨੁੱਖ ਨੂੰ ਚੰਗੇ ਪਾਸੇ ਤੋਂ ਉਕਤਾ

ਦੇਂਦੇ ਹਨ, ਭੁੱਲੀ ਪਾ ਦੇਂਦੇ ਹਨ, ਉਹ ਇਸ ਸੇਵਾ ਦੇ ਕਰਨ ਨਾਲ ਮਿਟਦੇ ਜਾਂਦੇ ਹਨ ਤੇ ਮਨ ਸ਼ੁਧ ਹੁੰਦਾ ਹੁੰਦਾ ਅਖੀਰ ਕੰਚਨ ਵੰਨਾ ਹੋ ਜਾਂਦਾ ਹੈ, ਇਸ ਜਨਮ ਦੀਆਂ ਕੀ, ਜਨਮ ਜਨਮ ਦੀਆਂ ਮੈਲਾਂ ਉਤਰ ਜਾਂਦੀਆਂ ਹਨ ਤੇ ਮਨੁੱਖ, ਮਨੁੱਖੀ ਜੀਵਨ ਦੇ ਅਸਲ ਮਨੋਰਥ, ਜਨਮ ਮਰਨ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ, ਹਰੀ-ਪ੍ਰਭੂ ਦੇ ਚਰਣਾਂ ਵਿੱਚ ਉਸ ਦਾ ਨਿਵਾਸ ਹੋ ਜਾਂਦਾ ਤੇ ਭਟਕਣਾ ਦੇ ਚੱਕਰ ਮੁੱਕ ਜਾਂਦੇ ਹਨ।

ਸਿੱਖ ਸਤਿਗੁਰੂਆਂ ਤੇ ਗੁਰੂ ਨਾਨਕ ਸਾਹਿਬ ਨੇ ਇਸੇ ਹੀ ਮਿਸ਼ਨ ਦਾ ਪ੍ਰਚਾਰ ਕੀਤਾ ਸੀ ਕਿ ਮਨੁੱਖ ਨੂੰ ਜੋ ਵੀ ਦੁੱਖ ਤੇ ਤਕਲੀਫਾਂ ਹੋ ਰਹੀਆਂ ਹਨ, ਉਹ ਸਭ ਪ੍ਰਭੂ ਦੇ ਵਿਸਾਰਨ ਕਰਕੇ ਹਨ, ਤੇ ਸੇਵਾ ਆਦਿ ਦੇ ਸਭ ਨਿਯਮ ਉਨ੍ਹਾਂ ਨੇ ਮਨੁੱਖ ਦੀ ਕਲਿਆਣ ਲਈ ਹੀ ਬਣਾਏ ਹਨ।

੧੧.

ਇਨ੍ਹਾਂ ਦਿਨਾਂ ਵਿਚ ਹੀ ਇਕ ਅਜੀਬ ਘਟਨਾ ਹੋ ਗਈ। ਰਬਾਬੀ, ਗੁਰੂ ਕੇ ਕੀਤਰਨੀਏ, ਸੱਤੇ ਬਲਵੰਡ ਦਾ ਝਗੜਾ ਹੋ ਗਿਆ, ਪਰ ਸਮਰਥ ਤੇ ਪਰੀ-ਪੂਰਨ ਪ੍ਰਭੂ ਨਾਲ ਝਗੜਾ ਕਰਨਾ ਕਿੰਨਾ ਘਾਟੇਵੰਦ ਹੈ, ਇਸ ਗੱਲ ਨੂੰ ਪੁਰਸ਼ ਮਗਰੋਂ ਹੀ ਸਮਝਦਾ ਹੈ, ਜਦ ਉਸ ਨੂੰ ਪਤਾ ਲਗਦਾ ਹੈ ਕਿ ਮੈਂ ਕਿੰਨੀ ਗਲਤੀ ਕਰ ਬੈਠਾ ਹਾਂ, ਤੇ ਹੁਣ ਇਸਦਾ ਇਲਾਜ ਕੋਈ ਨਹੀਂ। ਸਤਿਗੁਰੂ, ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਸੰਤਾਂ ਦੇ ਦੋਖੀਆਂ ਤੇ ਨਿੰਦਕਾਂ ਦੀ ਦੁਖਦਾਈ ਹਾਲਤ ਦਾ ਬਿਆਨ ਕੀਤਾ ਹੈ, ਪਰ ਨਾਲ ਹੀ ਦਸਿਆ ਹੈ ਕਿ ਜੇ ਨਿੰਦਕ ਤੇ ਸੰਤ ਨੂੰ ਤਰਸ ਆ ਜਾਵੇ, ਜੇ ਉਸ ਨੂੰ ਭਾ ਜਾਵੇ, ਤਾਂ ਉਹੋ ਹੀ ਨਿੰਦਕ ਨੂੰ ਬਖਸ਼ ਸਕਦਾ ਹੈ, ਹੋਰ ਕੋਈ ਨਹੀਂ। ਲਿਖਿਆ ਹੈ :—

ਸੰਤ ਕੇ ਦੂਖਨ ਤੇ ਮੁਖੁ ਭਵੈ॥
ਸੰਤਨ ਕੈ ਦੂਖਨਿ ਕਾਗ ਜਿਉ ਲਵੈ॥
ਸੰਤਨ ਕੈ ਦੂਖਨਿ ਸਰਪ ਜੋਨਿ ਪਾਇ॥
ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ॥
ਸੰਤਨ ਕੈ ਦੂਖਨਿ ਤ੍ਰਿਸ਼ਨਾ ਮਹਿ ਜਲੈ॥
ਸੰਤ ਕੈ ਦੂਖਨਿ ਸਭੁ ਕੋ ਛਲੈ॥
ਸੰਤ ਕੈ ਦੂਖਨਿ ਤੇਜੁ ਸਭੁ ਜਾਇ॥
ਸੰਤ ਕੈ ਦੂਖਨਿ ਨੀਚੁ ਨੀਚਾਇ॥
ਸੰਤ ਦੋਖੀ ਕਾ ਥਾਉ ਕੋ ਨਾਹਿ॥
ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ॥੨॥

(ਸੁਖਮਨੀ-ਅਸਟਪਦੀ ੧੩)

ਸੋ ਇਹੀ ਹਾਲਤ ਸੱਤੇ ਤੇ ਬਲਵੰਡ ਦੀ ਹੋਈ। ਉਨ੍ਹਾਂ ਨੂੰ ਬੜਾ ਮਾਣ ਸੀ ਅਸੀਂ ਬੜੇ ਕੀਰਤਨੀਏ ਹਾਂ, ਦੋਵੇਂ ਵੇਲੇ ਗੁਰੂ ਦਰਬਾਰ ਵਿਚ ਕੀਰਤਨ ਕਰਕੇ ਦੀਵਾਨ ਦੀ ਰੌਣਕ ਵਧਾਉਂਦੇ ਹਾਂ ਤੇ ਸੰਗਤਾਂ ਸਾਡੀ ਅਵਾਜ਼ ਤੇ ਪ੍ਰਸੰਨ ਹੋ

ਕੇ, ਸਾਡੀ ਰਾਗਦਾਰੀ ਤੇ ਲੈਅ ਸੁਰ ਤੇ ਪ੍ਰਸੰਨ ਹੋ ਗੁਰੂ-ਘਰ ਵਿਚ ਭੇਟਾ ਚੜ੍ਹਾਉਂਦੀਆਂ ਹਨ ਅਸੀਂ ਨਾ ਹੋਈਏ, ਅਸੀਂ ਕੀਰਤਨ ਨਾ ਕਰੀਏ, ਤਾਂ ਗੁਰੂ ਘਰ ਦੀ ਆਮਦਨ ਹੀ ਘਟ ਜਾਵੇ, ਸਿਖਾਂ ਦੇ ਮਨ ਪ੍ਰੇਮ ਵਿਚ ਆਉਣ ਹੀ ਨਾ, ਤੇ ਸਿੱਖੀ ਦੀ ਰਫ਼ਤਾਰ ਹੀ ਮੱਧਮ ਪੈ ਜਾਏ; ਬਿਲਕੁਲ ਓਹੀ ਖਿਆਲ ਬਣ ਗਏ ਜੋ ਮਸੰਦਾਂ ਦੇ ਬਣ ਗਏ ਸਨ ਕਿ ਜੇ ਅਸੀਂ ਗੁਰੂ-ਦਰਸ਼ਨਾਂ ਲਈ ਲੋਕਾਂ ਨੂੰ ਪ੍ਰੇਰੀਏ ਨਾ, ਗੁਰੂ-ਭੇਟਾ ਦੀ ਉਗ੍ਰਾਹੀ ਨਾ ਕਰੀਏ ਤੇ ਗੁਰੂ-ਘਰ ਨੂੰ ਮਾਇਆ ਨਾ ਭੇਜੀਏ ਤਾਂ ਗੁਰੂ-ਘਰ ਦਾ ਕੰਮ ਚਲ ਹੀ ਨਾ ਸਕੇ ਤੇ ਫਿਰ ਮਸੰਦ ਤਾਂ ਇਸ ਤੋਂ ਵੀ ਅਗੇ ਵਧ ਗਏ ਸਨ, ਧੀਰ ਮਲ ਤੇ ਰਾਮ ਰਾਇ ਦੀਆਂ ਸਾਜ਼ਸ਼ਾਂ ਨੇ ਗੁਰੂ ਘਰ ਦੇ ਮਸੰਦਾਂ ਨੂੰ ਏਨੇ ਵੱਡੇ ਹੰਕਾਰੀ ਬਣਾ ਦਿਤਾ ਸੀ ਕਿ ਉਹ ਸਮਝਣ ਲਗ ਪਏ ਸਨ ਕਿ ਗੁਰੂ ਨੂੰ ਬਣਾਉਣਾ ਤੇ ਗੁਰੂ ਦੀ ਪੂਜਾ ਕਰਾਉਣੀ ਸਾਡੇ ਵੱਸ ਦੀ ਹੀ ਗੱਲ ਹੈ, ਜਿਸ ਨੂੰ ਅਸੀਂ ਚਾਹੀਏ, ਗੁਰੂ ਬਣਾ ਸਕਦੇ ਹਾਂ, ਤੇ ਜਿਸ ਦੀ ਚਾਹੀਏ, ਪੂਜਾ ਕਰਾ ਸਕਦੇ ਹਾਂ, ਤੇ ਇਤਨੇ ਵੱਡੇ ਉਪਦ੍ਰਵਾਂ ਵਾਲੇ ਮਸੰਦਾਂ ਨੂੰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਤਨੀ ਵੱਡੀ ਸਜ਼ਾ ਦੇਣੀ ਪਈ ਤੇ ਇਸ ਖਿਆਲ ਤੇ ਇਸ ਸਿਸਟਮ ਨੂੰ ਕਿੰਨੇ ਵਡੇ ਯਤਨਾਂ ਨਾਲ ਖਤਮ ਕਰਨਾ ਪਿਆ ਸੀ, ਉਹ ਸਭ ਕੁਝ ਇਤਿਹਾਸ ਤੋਂ ਜਾਣੂ ਪ੍ਰੇਮੀ ਜਾਣਦੇ ਹਨ।

ਪਰ ਸੱਤੇ ਬਲਵੰਡ ਦੇ ਹੰਕਾਰ ਨੂੰ ਵੀ ਫਲ ਲਗ ਗਿਆ ਤੇ ਉਹ ਵੀ ਇਹ ਕਹਿਣ ਲਗ ਪਏ ਕਿ ਜੇ ਸਾਡੇ ਵੱਡੇ ਕੀਰਤਨ ਨਾ ਕਰਦੇ, ਗੁਰੂ ਘਰ ਦੀ ਮਹਿਮਾ ਨਾ ਕਰਦੇ, ਤਾਂ ਤੁਹਾਡਿਆਂ ਵੱਡਿਆਂ ਨੂੰ ਕਿਸ ਨੇ ਜਾਨਣਾ ਸੀ ਤੇ ਤੁਸੀਂ ਗੁਰੂ ਕਿਥੋਂ ਬਣਨਾ ਸੀ। ਪਰ ਸੰਖੇਪ ਵਿਚ ਇਹ ਸਾਰੀ ਕਥਾ ਦਸਣੀ ਜ਼ਰੂਰੀ ਜਾਪਦੀ ਹੈ।

ਸੱਤੇ ਬਲਵੰਡ ਦੀ ਵਾਰ ਦੀਆਂ ਅੱਠ ਪਉੜੀਆਂ, ਰਾਗ ਰਾਮਕਲੀ ਵਿਚ ਲਿਖੀਆਂ ਹਨ, ਤੇ ਅੱਠਵੀਂ ਪਉੜੀ ਵਿਚ ਲਿਖਿਆ ਹੈ:—

> ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥ ਆਪੀਨੈ
> ਆਪੁ ਸਾਜਿਓਨੁ, ਆਪੇ ਹੀ ਥੰਮ੍ਹਿ ਖਲੋਆ ॥ ਆਪੇ ਪਟੀ
> ਕਲਮ ਆਪਿ, ਆਪਿ ਲਿਖਣਹਾਰਾ ਹੋਆ ॥ ਸਭ ਉਮਤਿ
> ਆਵਣ ਜਾਵਣੀ ਆਪੇ ਹੀ ਨਵਾ ਨਿਰੋਆ॥ ਤਖਤਿ ਬੈਠਾ
> ਅਰਜਨ ਗੁਰੂ, ਸਤਿਗੁਰ ਕਾ ਖਿਵੈ ਚੰਦੋਆ ॥ ਉਗਵਣਹੁ

ਤੈ ਆਥਵਣਹੁ, ਚਹੁ ਚਕੀ ਕੀਅਨੁ ਲੋਆ ॥ ਜਿਨੀ ਗੁਰੂ
ਨ ਸੇਵਿਓ, ਮਨਮੁਖਾ ਪਇਆ ਮੋਆ ॥ ਦੂਣੀ ਚਉਣੀ
ਕਰਾਮਾਤਿ, ਸਚੇ ਕਾ ਸਚਾ ਢੋਆ ॥ ਚਾਰੇ ਜਾਗੇ ਚਹੁ ਜੁਗੀ
ਪੰਚਾਇਣੁ ਆਪੇ ਹੋਆ ॥੮॥੧॥

ਇਹ ਸ਼ਬਦ ਉਸ ਸੱਤੇ ਬਲਵੰਡ ਦਾ ਹੈ, ਜੋ ਗੁਰੂ ਅੰਗਦ ਦੇਵ ਜੀ ਦੇ ਸਮੇਂ ਤੋਂ ਗੁਰੂ-ਦਰਬਾਰ ਵਿਚ ਗੁਰਬਾਣੀ ਦੇ ਕੀਰਤਨ ਕਰਨ ਦੀ ਸੇਵਾ ਕਰਦੇ ਸਨ। ਭਾਈ ਮਰਦਾਨੇ ਦੀ ਅੰਸ ਵਿਚੋਂ ਹੋਣ ਕਰਕੇ ਤੇ ਫੇਰ ਗੁਰਬਾਣੀ ਦਾ ਕੀਰਤਨ ਮਿੱਠੀ ਧੁਨੀ ਤੇ ਰਾਗਾਂ ਵਿਚ ਕਰਨ ਕਰਕੇ ਇਨ੍ਹਾਂ ਦਾ ਗੁਰੂ-ਘਰ ਵਿਚ ਭਾਰਾ ਸਤਿਕਾਰ ਸੀ। ਇਹੀ ਸੱਤੇ ਬਲਵੰਡ (ਪਿਉ-ਪੁੱਤਰ) ਨੇ ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਕਰਨ ਦਾ ਮਾਣ ਪ੍ਰਾਪਤ ਕੀਤਾ। ਇਹ ਬੜੀ ਵੱਡੀ ਉਮਰ ਦੇ ਹੋਏ ਹਨ। ਪਰ ਪ੍ਰਿਥੀ ਚੰਦ ਦੀ ਕੂਟਲਨੀਤੀਆਂ ਤੇ ਅਨੀਤੀਆਂ ਨੂੰ ਵੇਖਕੇ ਗੁਰੂ-ਘਰ ਵਿਰੁਧ ਬਗਾਵਤ ਕਰਨ ਦਾ ਸਭ ਤੋਂ ਪਹਿਲੇ ਇਨ੍ਹਾਂ ਨੇ ਹੀ ਹੌਂਸਲਾ ਕੀਤਾ। ਮਾਮੂਲੀ ਜੇਹੀ ਗੱਲ ਸੀ, ਪੰਜ ਸੌ ਰੁਪਏ ਦਾ ਸਵਾਲ ਸੀ, ਜੋ ਸਤਿਗੁਰੂ ਜੀ ਦੇਣ ਨੂੰ ਤਿਆਰ ਸਨ, ਪਰ ਲਾਲਚ ਨੂੰ ਹੀ ਪਾਪਾਂ ਦਾ ਪਿਤਾ ਮੰਨਿਆ ਹੈ। ਏਹਨਾਂ ਨੂੰ ਐਸੇ ਲਾਲਚ ਨੇ ਆ ਘੇਰਿਆ ਕਿ ਵੈਸਾਖੀ ਦੇ (ਸੰਗਰਾਂਦ ਦੇ) ਇਕ ਦਿਨ ਦੀ ਚੜ੍ਹਤ ਸਾਨੂੰ ਦੇ ਦਿਤੀ ਜਾਵੇ। ਇਨ੍ਹਾਂ ਦਾ ਹਠ ਵੇਖਕੇ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਦੀ ਗੱਲ ਮੰਨ ਲਈ। ਇਨ੍ਹਾਂ ਦਾ ਵਿਚਾਰ ਸੀ ਕਿ ਹਜ਼ਾਰ ਬਾਰਾਂ ਸੌ ਦੀ ਚੜ੍ਹਤ ਉਸ ਦਿਨ ਦੀ ਸਾਨੂੰ ਮਿਲ ਜਾਵੇਗੀ, ਇਸ ਲਈ ਪੰਜ ਸੌ ਲੈਣਾ ਨਾ ਮੰਨਿਆ।

ਪਰ ਭਾਣੇ ਦੇ ਮਾਲਕ ਸਤਿਗੁਰੂ, ਉਹਨਾਂ ਦੇ ਅੰਦਰ ਲੋਭ ਦੇ ਕਾਰਨ ਜੋ ਹਾਵ-ਭਾਵ ਪੈਦਾ ਹੋ ਰਹੇ ਸਨ, ਉਨ੍ਹਾਂ ਦਾ ਨਿਵਾਰਨ ਕਰਨਾ ਚਾਹੁੰਦੇ ਸਨ-ਉਨ੍ਹਾਂ ਦੇ ਅੰਦਰ ਹਉਮੈ ਤੇ ਈਰਖਾ ਬੜੇ ਪ੍ਰਚੰਡ ਰੂਪ ਵਿਚ ਪੈਦਾ ਹੋ ਚੁਕੀ ਸੀ। ਸੋ ਵੈਸਾਖੀ ਵਾਲੇ ਦਿਨ ਦੀ ਆਮਦਨ (ਚੜ੍ਹਤ) ਹੋਈ ਹੀ ਨਾ, ਮੀਂਹ ਤੇ ਹਨੇਰੀ ਨੇ ਆਮਦੋ-ਰਫਤ ਬੰਦ ਕਰ ਦਿਤੀ, ਇਸ ਲਈ ਕੋਈ ਟਾਵਾਂ ਟਾਵਾਂ ਪ੍ਰੇਮੀ ਹੀ ਆਇਆ। ਇਹ ਸੀ ਅਸਲੀਅਤ, ਪਰ ਹਉਮੈ ਤੇ ਲਾਲਚ ਦੀ ਹਵਸ ਨਾਲ ਆਫਰੇ ਹੋਏ ਸੱਤੇ ਬਲਵੰਡ ਨੇ ਗੁਰੂ-ਦਰਬਾਰ ਵਿਚ ਆਉਣਾ ਬੰਦ ਕਰ ਦਿਤਾ

ਤੇ ਗੁਰੂ-ਘਰ ਤੇ ਗੁਰੂ ਸਾਹਿਬਾਂ ਦੀ ਨਿੰਦਾ ਕਰਨੀ ਸ਼ੁਰੂ ਕਰ ਦਿਤੀ। ਸਿਖ ਸੁਨੇਹੇ ਲੈ ਕੇ ਬੁਲਾਉਣ ਗਏ ਤਾਂ ਵੀ ਨਾ ਆਏ-ਸਗੋਂ ਵਧ ਘਟ ਗੱਲਾਂ ਕਰਦੇ ਰਹੇ। ਫੇਰ ਗੁਰੂ ਅਰਜਨ ਸਾਹਿਬ ਆਪ ਬੁਲਾਉਣ ਗਏ ਤਾਂ ਅਗੋਂ ਆਦਿ ਗੁਰੂਆਂ (ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਜੀ ਦੀ ਨਿੰਦਾ ਤੇ ਅਪਮਾਨ ਭਰੇ ਸ਼ਬਦ ਬੋਲਣ ਲਗ ਪਏ। ਇਹ ਦੇਖ ਕੇ ਸ਼ਾਂਤ ਚਿੱਤ ਗੁਰੂ ਅਰਜਨ ਸਾਹਿਬ ਦੇ ਮਨ ਨੂੰ ਡਾਢਾ ਖੇਦ ਹੋਇਆ ਤੇ ਕਿਹਾ-ਜਿਸ ਗੁਰੂ ਘਰ ਦੇ ਆਸਰੇ ਹੁਣ ਤਕ ਮੌਜਾਂ ਮਾਣਦੇ ਆ ਰਹੇ ਹੋ, ਯਾਦ ਰਖੋ, ਉਸੇ ਦੀ ਨਿੰਦਾ ਕਰਕੇ ਤੁਸੀਂ ਕੁਸ਼ਟੀ ਬਣਨ ਵਾਲੀ ਗੱਲ ਕੀਤੀ ਹੈ। ਯਾਦ ਰਖੋ, ਤੁਹਾਨੂੰ ਕੋਈ ਮੂੰਹ ਨਹੀਂ ਲਾਏਗਾ। ਤੁਹਾਡੀ ਗੱਲ ਕਰਨ ਵਾਲੇ ਦਾ ਵੀ ਮੂੰਹ ਕਾਲਾ ਕਰ ਦਿਤਾ ਜਾਵੇਗਾ ਤੇ ਖੋਤੇ ਤੇ ਚਾੜ੍ਹ ਕੇ ਫੇਰਿਆ ਜਾਵੇਗਾ।

ਇਹ ਕਹਿ ਕੇ ਗੁਰੂ ਅਰਜਨ ਦੇਵ ਜੀ ਵਾਪਸ ਆ ਗਏ ਤੇ ਗੁਰੂ ਘਰ ਦੇ ਨਿੰਦਕਾਂ ਦੇ ਸਰੀਰ ਉਸੇ ਵੇਲੇ ਫਿਟ ਗਏ। (ਕੋਹੜੀ ਹੋ ਗਏ)। ਹੌਲੀ ਹੌਲੀ ਗੱਲ ਪ੍ਰਗਟ ਹੋ ਗਈ ਤੇ ਕੋਈ ਸਿੱਖ ਹੁਣ ਉਨ੍ਹਾਂ ਦੇ ਮਥੇ ਨਹੀਂ ਸੀ ਲਗਦਾ, ਜੋ ਸਿੱਖ ਵੀ ਇਨ੍ਹਾਂ ਨੂੰ ਦੂਰੋਂ ਆਉਂਦਿਆਂ ਦੇਖਦਾ ਸੀ, ਅੰਦਰ ਵੜ ਜਾਂਦਾ, ਤੇ ਬੂਹੇ ਬੰਦ ਕਰ ਲੈਂਦਾ ਸੀ। ਅੰਮ੍ਰਿਤਸਰ ਰਹਿੰਦਿਆਂ ਉਨ੍ਹਾਂ ਦੀ ਇਹ ਦੁਰਦਸ਼ਾ ਹੋ ਗਈ ਤੇ ਹੁਣ ਉਹ ਏਨੇ ਔਖੇ ਹੋਏ ਕਿ ਉਹ ਅੰਮ੍ਰਿਤਸਰੋਂ ਨਿਕਲ ਗਏ।

ਲਾਹੌਰ ਦੇ ਭਾਈ ਲੱਧਾ ਜੀ ਨੇ ਇਨ੍ਹਾਂ ਨੂੰ ਬਖਸ਼ਵਾਇਆ, ਜਿਨ੍ਹਾਂ ਨੇ ਆਪ ਹੀ ਆਪਣਾ ਮੂੰਹ ਕਾਲਾ ਕਰ ਲਿਆ ਤੇ ਖੋਤੇ ਤੇ ਚੜ੍ਹ ਕੇ, ਅਗੇ ਢੋਲ ਲਾ ਕੇ ਗੁਰੂ ਚਰਨਾਂ ਵਿਚ ਪੁਜੇ ਸਨ। ਸਤਿਗੁਰੂ ਜੀ ਭਾਈ ਲੱਧਾ ਜੀ ਦੀ ਨਿਰ-ਮਾਨਤਾ ਤੇ ਵੀ ਪ੍ਰਸੰਨ ਹੋਏ ਤੇ ਨਾਲੇ ਜਾਣ ਗਏ ਕਿ ਹੁਣ ਸੱਤੇ ਬਲਵੰਡ ਦੀ ਹਉਮੈ ਦੇ ਵੱਟ ਵੀ ਨਿਕਲ ਗਏ ਹਨ। ਸੋ ਉਨ੍ਹਾਂ ਆਖਿਆ ਕਿ ਜੇ ਉਹ ਭੁੱਲ ਬਖਸ਼ਾਉਣਾ ਚਾਹੁੰਦੇ ਹਨ, ਤਾਂ ਇਉਂ ਕਰਨ ਕਿ ਜਿਸ ਮੂੰਹ ਨਾਲ ਉਨ੍ਹਾਂ ਨੇ ਆਦਿ ਗੁਰੂਆਂ (ਵੱਡੇ ਗੁਰੂਆਂ) ਦੀ ਨਿੰਦਾ ਕੀਤੀ ਹੈ, ਉਸੇ ਨਾਲ ਉਨ੍ਹਾਂ ਦੀ ਉਪਮਾ ਕਰਨ ਤਾਂ ਉਹ ਬਖਸ਼ੇ ਜਾਣਗੇ। ਜੀਵਨ ਤੋਂ ਨਿਰਾਸ ਹੋ ਚੁਕੇ ਤੇ ਜੀਂਵਦਿਆਂ ਹੀ ਨਰਕ ਵਿਚ ਪੈ ਗਏ ਸੱਤੇ ਬਲਵੰਡ ਨੂੰ ਹੋਰ ਕੀ ਚਾਹੀਦਾ ਸੀ। ਆਪਣੇ ਸਾਜ਼ ਲੈ ਕੇ ਬੈਠ ਗਏ, ਸੰਗਤਾਂ ਜੁੜ ਗਈਆਂ। ਫਿਰ ਉਨ੍ਹਾਂ ਜੋ ਉਪਮਾ ਕੀਤੀ, ਉਹ ਰਾਮਕਲੀ ਰਾਗ ਵਿਚ ਲਿਖੀ ਹੋਈ ਹੈ, ਜਿਸ ਨੂੰ "ਸੱਤੇ ਬਲਵੰਡ

ਦੀ ਵਾਰ" ਆਖਦੇ ਹਨ। ਜਿਉਂ ਜਿਉਂ ਉਨ੍ਹਾਂ ਨੇ ਸਿਫ਼ਤ-ਸਲਾਹ ਵਿਚ ਜ਼ਬਾਨ ਖੋਲ੍ਹੀ ਉਨ੍ਹਾਂ ਦੀ ਦਰਦ ਤੇ ਪੀੜਾ ਹਟਣੀ ਸ਼ੁਰੂ ਹੋ ਗਈ। ਪੁਰਾਣੇ ਗੁਰਬਾਣੀ ਦੇ ਗਵੱਯੇ ਸਨ, ਗੁਰੂ ਅੰਗਦ ਦੇਵ ਜੀ ਦੇ ਸਮੇਂ ਤੋਂ ਗੁਰੂ ਘਰ ਦੀ ਸ਼ਾਨ ਤੇ ਪਰੰਪਰਾ ਨੂੰ ਦੇਖਦੇ ਚਲੇ ਆ ਰਹੇ ਸਨ, ਉਨ੍ਹਾਂ ਨੂੰ ਸੱਚ ਦੀ ਸਿਫ਼ਤ ਦਾ ਬਿਆਨ ਕਰਨਾ ਸੌਖਾ ਸੀ।

੧੨

ਦੁਖਿਆਰੇ ਨੂੰ ਰੱਬ ਯਾਦ ਆਉਂਦਾ ਹੈ; ਸੁਖੀਏ ਨੂੰ ਨਹੀਂ। ਸੁਖ ਵੇਲੇ ਰੱਬ ਵਿਸਰ ਜਾਂਦਾ ਹੈ, ਤੇ ਰੱਬ ਜਦੋਂ ਵਿਸਰ ਜਾਵੇ, ਫਿਰ ਮਾਇਆ ਦੇ ਲਬ ਲੋਭ ਵਿਚ ਫਸਿਆ ਆਦਮੀ ਗੁਨਾਹ ਤੇ ਗੁਨਾਹ ਕਰੀ ਜਾਂਦਾ ਹੈ। ਪਰ ਜਦ ਠੋਕਰ ਲਗਦੀ ਹੈ ਤੇ ਦੁਖਾਂ ਦੇ ਪਹਾੜ ਸਿਰ ਤੇ ਆ ਡਿਗਦੇ ਹਨ, ਚਾਰੇ ਪਾਸੇ ਹੀ ਨਿਰਾਸਤਾ ਹੀ ਨਿਰਾਸਤਾ ਤੇ ਬਚਾਅ ਦੀ ਕੋਈ ਸੂਰਤ ਨਜ਼ਰ ਨਹੀਂ ਆਉਂਦੀ, ਤਾਂ ਜਾ ਕੇ ਆਦਮੀ ਨੂੰ ਪਤਾ ਲਗਦਾ ਹੈ ਕਿ ਮੈਂ ਕੀ ਸਾਂ, ਮੈਨੂੰ ਕੀ ਕਰਨਾ ਚਾਹੀਦਾ ਸੀ ਤੇ ਮੈਂ ਕੀ ਕਰ ਬੈਠਾ ਹਾਂ। ਸੋ ਠੀਕ ਇਹੋ ਹਾਲਤ ਸੱਤੇ ਬਲਵੰਡ ਦੀ ਹੋਈ ਸੀ, ਕੋਈ ਮੂੰਹ ਨਹੀਂ ਲਾਉਂਦਾ ਸੀ, ਦੁੱਖ ਤਾਂ ਕਿਸੇ ਨੇ ਕੀ ਵੰਡਾਉਣਾ ਸੀ, ਕੋਈ ਗੱਲ ਵੀ ਸੁਣਨ ਨੂੰ ਤਿਆਰ ਨਹੀਂ ਸੀ, ਤਾਂ ਉਸ ਵੇਲੇ ਉਨ੍ਹਾਂ ਨੂੰ ਸਮਝ ਆਈ ਸੀ ਕਿ ਅਸੀਂ ਕਿੰਨੀ ਮਹਾਨ ਗਲਤੀ ਕਰ ਬੈਠੇ ਹਾਂ ਪਰ ਭਾਈ ਲੱਧੇ ਪਰਉਪਕਾਰੀ ਨੇ ਉਹਨਾਂ ਨੂੰ ਬਖ਼ਸ਼ਵਾ ਦਿੱਤੀ। ਆਪਣਾ ਮੂੰਹ ਕਾਲਾ ਕਰਕੇ, ਖੋਤੇ ਤੇ ਚੜ੍ਹ ਕੇ ਤੇ ਲੋਕਾਂ ਕੋਲੋਂ 'ਓਏ ਓਏ' ਕਰਵਾ ਕੇ ਵੀ ਉਸ ਨੇ ਇਹ ਪਰ-ਉਪਕਾਰ ਦੀ ਸੇਵਾ ਕੀਤੀ। ਉਸਨੇ ਭਾਈ ਸੱਤੇ ਤੇ ਬਲਵੰਡ ਦਾ ਕੀਰਤਨ ਸੁਣਿਆ ਸੀ ਤੇ ਉਸ ਦੇ ਮਨ ਨੇ ਆਵਾਜ਼ ਦਿਤੀ ਸੀ ਕਿ ਤੂੰ ਆਪਣੀ ਬੇ-ਇਜ਼ਤੀ ਕਰਵਾ ਕੇ ਵੀ ਏਹਨਾਂ ਦੇ ਬਖਸ਼ਵਾਉਣ ਦੀ ਸੇਵਾ ਕਰ, ਤੇ ਜੇ ਇਹ ਬਖਸ਼ੇ ਗਏ, ਤਾਂ ਅਗੇ ਨਾਲੋਂ ਵੀ ਵਧ ਕੇ ਤੇ ਸੱਚੇ ਦਿਲ ਨਾਲ ਕੀਰਤਨ ਕਰਨਗੇ, ਜੋ ਕਈਆਂ ਦੇ ਜੀਵਨਾਂ ਵਿਚ ਇਨਕਲਾਬ ਲਿਆਵੇਗਾ, ਕਈਆਂ ਨੂੰ ਸਿੱਖੀ ਜੀਵਨ ਦੇ ਪਾਂਧੀ ਬਣਾਏਗਾ।

ਭਾਈ ਮੰਝ ਜੀ ਏਹਨਾਂ ਦਿਨਾਂ ਵਿਚ ਹੀ ਸੇਵਾ ਦੇ ਰੰਗ ਵਿਚ ਰੰਗੇ ਜਾ ਰਹੇ ਸਨ। ਉਨ੍ਹਾਂ ਨੇ ਰਬਾਬੀਆਂ ਦੀ ਹੈਂਕੜ ਵੀ ਦੇਖੀ ਤੇ ਫਿਰ ਉਨ੍ਹਾਂ ਦੀ ਦੁਰਦਸ਼ਾ, ਤੇ ਨਾ ਸਹਾਰੀ ਜਾਣ ਵਾਲੀ ਪੀੜਾ ਦਾ ਰੋਗ, ਉਨ੍ਹਾਂ ਨੂੰ ਲੱਗਾ ਦੇਖਿਆ। ਉਹ ਸਤਿਗੁਰਾਂ ਨੂੰ ਸਰਬਗਯ ਤਾਂ ਪਹਿਲੋਂ ਹੀ ਮੰਨਦੇ ਸਨ, ਪਰ ਜਦ ਉਨ੍ਹਾਂ ਨੇ ਸੱਤੇ ਬਲਵੰਡ, ਗੁਰੂ-ਨਿੰਦਾ ਕਰਨ ਵਾਲਿਆਂ ਦੀ ਹਾਲਤ ਦੇਖੀ, ਤਾਂ

ਜਿਥੇ ਉਨ੍ਹਾਂ ਨੇ ਆਪਣੇ ਮਨ ਨੂੰ ਸਿਖੀ ਤੇ ਸੇਵਾ ਵਿਚ ਹੋਰ ਪੱਕਿਆਂ ਕੀਤਾ, ਉਥੇ ਹੋਰ ਸਿੱਖਾਂ ਤੇ ਸਾਥੀਆਂ ਨੂੰ ਵੀ ਐਸੇ ਪਿਆਰ ਨਾਲ ਦ੍ਰਿਸ਼ਟਾਂਤ ਦੇ ਕੇ ਗੁਰੂ ਨਿੰਦਿਆ ਤੇ ਗੁਰੂ ਹੁਕਮ ਦੀ ਅਵੱਗਿਆ ਕਰਨ ਤੋਂ ਹਟਾਉਂਦੇ ਕਿ ਕਈ ਪ੍ਰੇਮੀ ਸਿੱਖ, ਸਿੱਖੀ ਦੇ ਰੰਗ ਵਿਚ ਵਧੇਰੇ ਤੋਂ ਵਧੇਰੇ ਰੰਗੇ ਗਏ ।

ਜਿਸ ਦਿਨ ਭਾਈ ਲੱਧਾ ਜੀ ਨੇ ਸੱਤੇ ਬਲਵੰਡ ਨੂੰ ਬਖਸ਼ਵਾਇਆ, ਉਸ ਦਿਨ ਲੌਂਡੇ ਕੁ ਵੇਲੇ ਨਾਲ ਭਾਈ ਮੰਝ ਜੀ ਵੀ ਘਾਹ ਦੀ ਪੰਡ ਵੇਚ ਕੇ, ਉਥੇ ਆਣ ਪੁਜੇ ਸਨ; ਜਿਥੇ ਸੱਤਾ ਬਲਵੰਡ ਬੈਠ ਕੇ ਸਤਿਗੁਰਾਂ ਦੇ ਗੁਨਾਨਵਾਦ ਕਰਨ ਲਈ ਸਰੰਦੇ ਨੂੰ ਵਜਾ ਰਿਹਾ ਸੀ।

ਲਓ ਜ਼ਰਾ ਪਾਠਕ ਜੀ, ਤੁਸੀਂ ਵੀ ਪੜ੍ਹੋ ਤੇ ਵਿਚਾਰ ਲਓ ਕਿ ਸੱਤੇ ਬਲਵੰਡ ਨੇ ਕਿਵੇਂ ਸਿਫਤ ਕਰ ਕਰ ਕੇ ਆਪਣੇ ਰੋਗ ਤੇ ਪੀੜਾ ਨੂੰ ਦੂਰ ਕੀਤਾ। ਉਸ ਵੇਲੇ ਭਾਈ ਮੰਝ ਜੀ ਵੀ ਸੁਣ ਰਹੇ ਸਨ :—

ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ
ਜੋਖੀਵਦੈ ॥ ਦੇ ਗੁਨਾ ਸਤਿ ਭੈਣ ਭਰਾਵ ਹੈ
ਪਾਰੰਗਤਿ ਦਾਨੁ ਪੜੀਵਦੈ ॥ ਨਾਨਕਿ ਰਾਜੁ
ਚਲਾਇਆ ਸਚੁ ਕੋਟੁ ਸਤਾਣੀ ਨੀਵਦੈ ॥
ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ
ਅੰਮ੍ਰਿਤੁ ਪੀਵਦੈ ॥ ਮਤਿ ਗੁਰ ਆਤਮ
ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ ॥
ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ
ਥੀਵਦੈ ॥ ਸਹਿ ਟਿਕਾ ਦਿਤੋਸੁ ਜੀਵਦੈ ॥੧॥

ਭਾਵ ਕਿ ਜਦ ਉਹ ਕਰਤਾ ਪੁਰਖ (ਵਾਹਿਗੁਰੂ) ਆਪ ਕੋਈ ਨਿਆਉਂ (ਨਾਉਂ) ਕਰੇ, ਨਿਆਂ ਕਰਨ ਦਾ ਹੁਕਮ ਦੇਵੇ, ਤਾਂ ਉਸ ਦੇ ਉਸ ਹੁਕਮ ਦੀ ਕੋਈ ਕੀ ਕੀਮਤ ਪਾ ਸਕਦਾ ਹੈ; ਜਾਂ ਉਸ ਨੂੰ ਤੋਲ ਸਕਦਾ ਹੈ, ਨਾ ਬੋਲ ਕੇ ਦਸਿਆ ਜਾ ਸਕਦਾ ਹੈ। ਤੇ ਸੱਚੇ ਗੁਣ ਦੈਵੀ ਪਦਾਰਥਾਂ ਦੇ ਜੋ ਹਨ, ਉਹ ਅਸਲੀ ਭੈਣ ਭਰਾ ਹਨ, ਤੇ ਐਸੇ ਭਰਾਵਾਂ ਭੈਣ (ਸੱਚੇ ਦੈਵੀ ਗੁਣਾਂ) ਦਾ ਮੇਲ ਉਸ ਦੇ ਸੱਚੇ ਹੁਕਮ ਨਾਲ ਹੀ ਹੁੰਦਾ ਹੈ। ਭਾਵ ਪਾਰੰਗਤ (ਪਰਮ ਜੋਤੀ) ਦਾ ਦਾਨ ਮਿਲਦਾ ਹੈ। ਭਾਵ ਗੁਰੂ ਨਾਨਕ ਜੀ ਨੇ ਗੁਰ-ਗੱਦੀ ਦੇ ਸੱਚੇ ਤੇ ਦੈਵੀ

ਵਾਲੇ ਰਾਜ ਨੂੰ ਚਲਾਇਆ, ਜਿਸ ਦੀ ਓਟ ਲਈ ਸੱਚ ਦੀਆਂ ਨੀਂਹਾਂ ਵਾਲੇ ਕਿਲ੍ਹੇ ਨੂੰ ਉਸਾਰਿਆ, ਜਿਸ ਵਿਚ ਦੈਵੀ ਗੁਣਾਂ ਦੀ ਸੱਤਾ (ਤਾਕਤ) ਨੂੰ ਭਰਪੂਰ ਕਰ ਦਿਤਾ। ਸੱਤਾ ਬਲਵੰਡ ਜੀ ਦੱਸਦੇ ਹਨ ਕਿ ਐਸੇ ਰਾਜ ਦਾ ਛਤਰ ਤੇ ਕਿਲ੍ਹਾ ਗੁਰੂ ਨਾਨਕ ਜੀ ਨੇ ਲਹਿਣਾ ਜੀ (ਗੁਰੂ ਅੰਗਦ ਜੀ) ਨੂੰ ਬਖਸ਼ ਦਿਤਾ, ਸੱਚੇ ਦੀ ਸੱਚੀ ਸਿਫਤ ਨੂੰ ਕਰ ਕਰ ਸਿਫਤੀ-ਅੰਮ੍ਰਿਤ, ਹਾਂ ਉਹ ਅੰਮ੍ਰਿਤ ਪੀਂਦੇ ਹਨ, ਜਿਨ੍ਹਾਂ ਨੇ ਉਨ੍ਹਾਂ ਦੇ ਜੀਵਨ ਨੂੰ ਅਮਰ ਕਰ ਦਿਤਾ ਤੇ ਉਨ੍ਹਾਂ ਦੇ ਹੱਥ ਵਿਚ ਗੁਰੂ ਦੀ ਮੱਤ ਦੀ ਖੜਗ ਪਕੜਾ ਦਿਤੀ ਹੈ, ਜਿਸ ਦੇ ਜ਼ੋਰ ਉਹ ਬਲਵਾਨ ਤੇ ਆਤਮਿਕ ਸੱਤਾ ਵਾਲੇ ਜੀਉਂਦੇ (ਬ੍ਰਹਮ ਗਿਆਨੀ) ਬਣ ਗਏ ਹਨ।

ਜਦ ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ਐਸੀ ਸੱਤਾ ਵਾਲੇ ਆਤਮਿਕ-ਜੀਵਨ ਦੇ ਧਾਰਨੀ ਬਣ ਗਏ ਤੇ ਗੁਰੂ ਨਾਨਕ ਦੇਵ ਜੀ ਨੇ ਐਸੇ ਪੁਗੇ ਹੋਏ (ਹਰ ਤਰ੍ਹਾਂ ਪਰਖ ਕੇ ਸੱਚੇ ਸਾਬਤ ਹੋਣ ਵਾਲੇ) ਚੇਲੇ ਅਗੇ ਅਰਦਾਸ ਕੀਤੀ ਤੇ ਮੱਥਾ ਟੇਕ ਕੇ ਉਸ ਨੂੰ ਆਪਣੀ ਥਾਂ ਤੇ ਬਿਠਾ ਦਿਤਾ ਤੇ ਸਹੀ ਸਲਾਮਤ ਗੁਰੂ ਨਾਨਕ ਨੇ ਆਪਣੇ ਜੀਉਂਦੇ ਜੀਅ ਏਹ ਖੇਡ ਚਲਾ ਦਿਤੀ ਕਿ ਆਪਣੇ ਸੇਵਕ (ਸੇਵਾ ਕਰਨ ਵਾਲੇ ਨੂੰ) ਆਪਣੇ ਜੇਹਾ ਬਣਾ ਦਿਤਾ।

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥ ਜੋਤਿ ਓਹਾ
ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ ਝੁਲੈ ਸੁ
ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥ ਕਰਹਿ
ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ॥
ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥
ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ॥
ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ
ਕਟੀਐ॥ ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ
*ਹਟੀਐ॥ *ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍*

*ਦੱਸਦੇ ਹਨ ਕਿ ਜਦ ਭਾਈ ਲੱਧਾ ਜੀ, ਸੱਤਾ ਤੇ ਬਲਵੰਡ ਨੂੰ ਬਖਸ਼ਵਾਉਣ ਲਈ ਲੈ ਕੇ ਆਏ, ਤੇ ਗੁਰੂ ਜੀ ਨੇ ਕਿਹਾ ਕਿ ਜਿਸ ਮੂੰਹ ਨਾਲ ਤੁਸਾਂ ਆਦਿ (ਵੱਡੇ

(ਬਾਕੀ ਅਗਲੇ ਪੰਨੇ 'ਤੇ)

ਮੁਰਟੀਐ ॥ ਦਿਲਿ ਖੋਟੈ ਆਕੀ ਫਿਰਨਿ੍ ਬੰਨਿ੍ ਭਾਰੁ
ਉਚਾਇਨਿ੍ ਛਟੀਐ॥ ਜਿਨਿ ਆਖੀ ਸੋਈ ਕਰੇ ਜਿਨਿ ਕੀਤੀ
ਤਿਨੈ ਥਟੀਐ ॥ ਕਉਣੁ ਹਾਰੇ ਕਿਨਿ ਉਵਟੀਐ ॥੨॥

ਇਹ ਖੇਲ੍ਹ ਬੜੀ ਉਲਟੀ ਸੀ ਕਿ ਪੁਤਰਾਂ ਨੂੰ ਛੱਡ ਕੇ, ਆਪਣੀ ਥਾਂ ਇਕ ਸੇਵਕ ਨੂੰ ਟਿਕਾ ਦਿਤਾ, ਤੇ ਇਸ ਗੱਲ ਦੀ ਦੋਹੀ ਫਿਰ ਗਈ (ਇਕ ਕਿਸਮ ਦਾ ਢੰਡੋਰਾ ਫਿਰ ਗਿਆ) ਕਿ ਗੁਰੂ ਨਾਨਕ ਸਾਹਿਬ ਨੇ ਆਪਣੀ ਥਾਂ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਬਣਾ ਦਿਤਾ ਹੈ, ਤੇ ਇਉਂ ਗੁਰੂ ਅੰਗਦ ਦੇਵ ਜੀ ਦਾ ਸਾਰੇ ਪਾਸੇ ਭਾਰਾ ਸੁਜੱਸ ਫੈਲ ਗਿਆ। ਕਿਉਂਕਿ ਜੋਤ ਵੀ ਓਹੀ ਜੁਗਤ ਵੀ ਓਹੀ ਰਹੀ, ਗੁਰੂ ਨਾਨਕ ਦੇਵ ਜੀ ਨੇ ਕੇਵਲ ਸਰੀਰ ਬਦਲਿਆ ਤੇ ਗੁਰੂ ਅੰਗਦ

(ਪਿਛਲੇ ਪੰਨੇ ਦਾ ਬਾਕੀ)

ਸਤਿਗੁਰਾਂ) ਦੀ ਨਿੰਦਾ ਕੀਤੀ ਹੈ, ਉਸ ਨਾਲ ਸਿਫਤ ਕਰੋ, ਤਾਂ ਤੁਹਾਡਾ ਦੁਖ ਹਟੇਗਾ, ਤਾਂ ਉਹ ਕਹਿਣ ਲਗੇ, ਮਹਾਰਾਜ ! ਸਾਡੇ ਤਾਂ ਮੂੰਹ ਵੀ ਪੱਕੇ ਹੋਏ ਹਨ, ਉਚੀ ਬੋਲ ਵੀ ਨਹੀਂ ਸਕਦੇ, ਰਾਗ ਕਿਵੇਂ ਗਾਈਏ, ਤਾਂ ਸਤਿਗੁਰਾਂ ਨੇ ਉਸੇ ਵੇਲੇ ਕਿਰਪਾ ਕਰ ਕੇ ਉਨ੍ਹਾਂ ਦੀ ਰਸਨਾ ਤੇ ਮੂੰਹ ਵਲ ਤਕਿਆ, ਤਾਂ ਉਹ ਬੋਲਣ ਜੋਗੇ ਹੋ ਗਏ ਤੇ ਉਹ ਬੋਲੇ :—

ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ
ਜਨਮ ਦੀ ਕਟੀਐ ॥ ਸਚੁ ਜਿ ਗੁਰਿ
ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥

ਭਾਵ ਕਿ ਹੇ ਸਚੇ ਪਾਤਸ਼ਾਹ ! ਆਪ ਦੇ ਦਰਸ਼ਨਾਂ ਨਾਲ ਜਨਮਾਂ ਜਨਮਾਂ ਦੀ ਮੈਲ ਕੱਟੀ ਜਾਂਦੀ ਹੈ, ਸੋ ਸਾਡੀ ਕੱਟੀ ਗਈ ਹੈ ਤੇ ਸਾਡੀ ਨਾ ਬੋਲ ਸਕਣ ਵਾਲੀ ਰਸਨਾ ਵੀ ਬੋਲਣ ਲਗ ਪਈ ਹੈ। ਤੁਸਾਂ ਫੁਰਮਾਇਆ ਸੀ ਕਿ ਜੋ ਵੈਸਾਖੀ ਦੀ ਚੜ੍ਹਤ ਆਵੇਗੀ, ਉਹ ਤੁਸਾਂ ਲੈ ਲੈਣੀ, ਤੇ ਅਸੀਂ ਮੰਨ ਗਏ, ਪਰ ਅਸੀਂ ਇਹਨਾਂ, ਬੋਲਾਂ (ਕਉਲਾਂ) ਤੋਂ ਹਟੇ, (ਮੁਕਰ ਗਏ) ਅਗੇ ਦਸਦੇ ਹਨ ਕਿ ਅਸਾਂ ਪੁਤਰੀ ਦੇ ਕਾਜ ਲਈ (ਵਿਆਹ ਲਈ) ਲਾਲਚ ਵਿਚ ਆ ਕੇ ਕੌਲ ਨਾ ਪਾਲਿਆ ਤੇ ਗੁਰ (ਪੀਰ) ਨੇ ਸਾਡੇ ਵਲੋਂ ਮੋਢਾ ਫੇਰ ਲਿਆ ਤੇ ਅਸੀਂ ਕੁਸ਼ਟੀ ਹੋ ਗਏ। ਦਿਲ ਖੋਟੇ ਆਕੀਆਂ ਵਾਗੂੰ ਅਸੀਂ ਫਿਰਨ ਲਗੇ ਤੇ ਹੰਕਾਰ ਦੀ ਛੱਟ ਅਸੀਂ ਸਿਰ ਤੇ ਚੁਕੀ ਸੀ, ਪਰ ਹੁਣ ਪਤਾ ਲੱਗਾ ਹੈ ਕਿ ਤੁਸਾਂ ਜੋ ਆਖਿਆ ਸੀ ਜਾਓ, ਜਿਸ ਮੂੰਹ ਨਾਲ ਨਿੰਦਿਆ ਕੀਤੀ ਹੈ, ਉਹ ਮੂੰਹ ਤੇ ਸਰੀਰ ਤੁਹਾਡੇ ਕੁਸ਼ਟੀ ਹੋ ਜਾਣਗੇ। ਸੋ ਉਹੀ ਗੱਲ ਹੋ ਗਈ ਤੇ ਅਸੀਂ ਕੁਸ਼ਟੀ ਹੋ ਗਏ ਤੇ ਹੇ ਗੁਰੂ ਜੀ ! ਜੋ ਤੁਸਾਂ ਕਿਹਾ ਉਹ ਕਰਕੇ ਵਿਖਾ ਦਿੱਤਾ।

ਦੇਵ ਜੀ ਵਿਚ ਪ੍ਰਵੇਸ਼ ਕਰ ਲਿਆ ਹੈ। ਉਹੀ ਗੁਰੂ ਪ੍ਰਤਾਪ ਦਾ ਛਤਰ, ਜੋ ਗੁਰੂ ਨਾਨਕ ਦੇ ਸਿਰ ਤੇ ਝੂਲਦਾ ਸੀ; ਉਹੀ ਮਹਿਮਾ ਤੇ ਉਹੀ ਜਸ ਜੋ ਗੁਰੂ ਨਾਨਕ ਦਾ ਸੀ, ਉਹੀ ਹੁਣ ਗੁਰੂ ਅੰਗਦ ਜੀ ਦਾ ਹੋਣ ਲਗਾ। ਇਹ ਕਿਉਂ ਹੋਇਆ ? ਇਸ ਲਈ ਕਿ ਗੁਰੂ ਅੰਗਦ ਦੇਵ ਜੀ ਨੇ ਹੁਕਮ ਮੰਨਣ ਦੀ ਮਹਾਨ ਕਮਾਈ ਕੀਤੀ, ਨਾ ਦਿਨ ਵੇਖਿਆ ਨਾ ਰਾਤ, ਜੋ ਵੀ ਗੁਰੂ ਨਾਨਕ ਦੇਵ ਜੀ ਨੇ ਹੁਕਮ ਕੀਤਾ, ਉਹ ਉਸਦੀ ਪਾਲਣਾ ਕਰਨ ਲਈ ਤੁਰ ਪਏ ਤੇ ਇਉਂ ਮਹਾਨ ਘਾਲਣਾ ਘਾਲੀ (ਸਿਲ ਜੋਗੁ ਅਲੂਣੀ ਚਟੀਐ)।

ਫਿਰ ਜਿਸ ਸ਼ਬਦ (ਨਾਮ) ਦੀ ਉਨ੍ਹਾਂ ਨੂੰ ਗੁਰੂ ਨਾਨਕ ਪਾਤਿਸ਼ਾਹ ਵਲੋਂ ਬਖਸ਼ਿਸ਼ ਹੋਈ, ਹੁਣ ਉਸੇ ਸ਼ਬਦ (ਹਰੀ ਦੇ ਨਾਮ ਸਿਮਰਨ) ਦਾ ਹੀ ਹਰ ਸਮੇਂ ਜਾਪ ਹੁੰਦਾ (ਲੰਗਰ ਚਲਦਾ) ਸੀ ਤੇ ਇਸ ਲੰਗਰ (ਜਾਪ) ਦੀ ਤੋਟ ਨਹੀਂ ਸੀ ਆਉਂਦੀ, ਸਗੋਂ ਦਿਨ ਬਦਿਨ ਵਧਦਾ ਹੀ ਜਾਂਦਾ ਸੀ। ਸ਼ਬਦ ਦੇ ਖਜ਼ਾਨੇ (ਦਿਤਿ) ਦੀ ਦਾਤ ਦੀ ਬਖਸ਼ਿਸ਼ ਜੋ ਉਨ੍ਹਾਂ ਨੂੰ ਮਿਲੀ, ਉਸ ਨੂੰ ਖਾਂਦੇ ਵਰਤਦੇ ਅਗੇ ਤੋਂ ਅਗੇ ਵਰਤਾਈ ਤੁਰੇ ਜਾਂਦੇ ਹਨ (ਸਿਖਾਂ ਦੀ ਕਲਿਆਨ) ਕਰੀ ਜਾਂਦੇ ਹਨ, ਪਰ ਇਸ ਦੀ ਦਾਤ ਵਿਚ ਕਮੀ ਨਹੀਂ ਆਉਂਦੀ।

ਗੁਰੂ ਨਾਨਕ ਪਾਤਿਸ਼ਾਹ ਨੇ ਸੰਸਾਰ ਵਿਚ ਵਾਹਿਗੁਰੂ ਦੀ ਸਿਫਤ-ਸਲਾਹ ਦਾ ਪ੍ਰਚਾਰ ਕੀਤਾ, ਦੁਨੀਆਂ ਦੇ ਕੋਨੇ-ਕੋਨੇ ਵਿਚ ਫਿਰ ਕੇ ਵਾਹਿਗੁਰੂ ਦੀ ਸਿਫਤ ਸਲਾਹ ਦਾ ਸੁਨੇਹਾ ਸਭ ਨੂੰ ਦਿਤਾ ਤੇ ਦਸਿਆ ਕਿ ਬਿਨਾਂ ਸਿਮਰਨ ਦੇ, ਵਾਹਿਗੁਰੂ ਦੀ ਯਾਦ ਦੇ, ਮਨੁੱਖ ਆਤਮਕ ਤੌਰ ਤੇ ਮਰਦਾ ਜਾ ਰਿਹਾ ਹੈ, ਆਤਮਿਕ ਮੁਰਦਿਹਾਨ ਮਨੁੱਖ ਨੂੰ ਜ਼ਾਲਮ, ਕਸਾਈ ਤੇ ਬੇਰਹਿਮ ਬਣਾਈ ਜਾ ਰਹੀ ਹੈ ਤੇ ਦੈਵੀ ਗੁਣ ਜਿਹੜੇ ਮਨੁੱਖੀ-ਜੀਵਨ ਦਾ ਅਸਲ ਮਨੋਰਥ ਹਨ, ਮਨੁੱਖ ਉਨ੍ਹਾਂ ਤੋਂ ਖਾਲੀ ਹੁੰਦਾ ਚਲਾ ਜਾ ਰਿਹਾ ਹੈ। ਸੋ ਇਉਂ ਗੁਰੂ ਨਾਨਕ ਨੇ ਜਿਸ ਪ੍ਰਚਾਰ ਦਾਂ ਬੀੜਾ ਚੁਕਿਆ, ਉਸ ਦਾ ਅਗੋਂ ਗੁਰੂ ਅੰਗਦ ਦੇਵ ਜੀ ਨੂੰ ਗੁਰਤਾ ਦੇ ਕੇ ਪ੍ਰਚਾਰ-ਸੈਂਟਰ ਕਾਇਮ ਕਰ ਦਿਤਾ ਤੇ ਗੁਰੂ ਅੰਗਦ ਦੇਵ ਜੀ ਨੇ ਫਿਰ ਉਸੇ ਸ਼ਬਦ ਦੀ ਦਾਤ ਦਾ ਲੰਗਰ ਲਾ ਦਿਤਾ ਹੈ, ਜਿਸ ਕਰਕੇ ਇਸ ਸੱਚੀ ਵਾਹਿਗੂਰੂ ਦੀ ਸਿਫਤ ਸਲਾਹ ਦੇ ਕਾਰਨ ਅਰਸ਼ਾਂ ਕੁਰਸ਼ਾਂ ਦਾ ਤੇਜ ਤੇ ਪ੍ਰਤਾਪ (ਸੂਰਜ ਦਾ ਤੇਜ ਤੇ ਚੰਦਰਮਾ ਦੀ ਸੀਤਲਤਾ) ਨੂਰੀ ਰੂਪ ਧਾਰ ਕੇ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਵਰਸ ਰਹੇ ਹਨ। ਇਹੋ ਕਾਰਨ ਹੈ ਕਿ ਐਸੇ ਤੇਜ

ਪ੍ਰਤਾਪ ਵਾਲੇ ਨੂਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਕੇ ਜਨਮਾਂ ਜਨਮਾਂ ਦੀ ਮੈਲ ਧੋਤੀ ਜਾਂਦੀ ਹੈ। ਗੁਰੂ ਨਾਨਕ ਦੇ ਵਰੋਸਾਏ ਤੇ ਉਨ੍ਹਾਂ ਦੇ ਟਿਕੇ ਹੋਏ, ਬਖਸ਼ਿਸ਼ਾਂ ਦੇ ਮਾਲਕ ਗੁਰੂ ਅੰਗਦ ਦੇਵ ਜੀ ਦੀ ਇਸ ਮਹਿਮਾ ਨੂੰ ਅਸੀਂ ਕਿਉਂ ਕਥਨ ਨਾ ਕਰੀਏ, ਜਦ ਕਿ ਗੁਰੂ ਨਾਨਕ ਪਾਤਿਸ਼ਾਹ ਨੇ ਆਪ ਉਨ੍ਹਾਂ ਨੂੰ ਵਡਿਆਈ ਬਖਸ਼ੀ ਤੇ ਬਖਸ਼ਿਸ਼ਾਂ ਦੇ ਮਾਲਿਕ ਬਣਾਇਆ ਹੈ। ਉਨ੍ਹਾਂ ਦੇ ਪੁੱਤਰਾਂ ਨੇ ਭਾਵੇਂ ਇਸ ਹੁਕਮ ਨੂੰ ਨਹੀਂ ਮੰਨਿਆ ਤੇ ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਤੋਂ ਮੂੰਹ ਫੇਰ ਲਿਆ ਹੈ, ਪਰ ਉਹ ਇਹ ਨਹੀਂ ਜਾਣਦੇ ਕਿ ਗੁਰੂ ਤੋਂ ਆਕੀ ਹੋਣ ਵਾਲੇ ਬੇ-ਮੁਖ ਬਣਦੇ ਹਨ ਤੇ ਸਿਰ ਤੇ ਪਾਪਾਂ ਦੀ ਪੰਡ ਚੁਕਣ ਵਾਲੀ ਗੱਲ ਕਰਦੇ ਹਨ। ਕਿਉਂਕਿ ਗੁਰੂ ਅੰਗਦ ਦੀ ਸ਼ੋਭਾ ਤੇ ਵਡਿਆਈ ਨੂੰ ਤਾਂ ਗੁਰੂ ਨਾਨਕ ਨੇ ਆਪ ਆਖਿਆ ਤੇ ਕਾਇਮ ਕੀਤਾ, ਤੇ ਫਿਰ ਉਨ੍ਹਾਂ ਨੇ ਹੀ ਅਗੋਂ ਉਸ ਨੂੰ ਕਾਇਮ ਰਖਿਆ ਹੈ, ਫਿਰ ਕੋਈ ਕੀ ਵਿਗਾੜ ਸਕਦਾ ਸੀ ਤੇ ਤੁਸੀਂ ਜਾਣ ਲਓ ਕਿ ਕੌਣ ਹਾਰਿਆ ਤੇ ਕੌਣ ਜਿਤਿਆ, ਜਿਸਦਾ ਉਤਰ ਸਾਫ ਹੈ ਕਿ ਪੁੱਤਰ ਹਾਰੇ ਤੇ ਗੁਰੂ ਅੰਗਦ ਦੇਵ ਜੀ ਜਿੱਤੇ; ਜਿਨ੍ਹਾਂ ਨੂੰ ਗੁਰੂ ਨਾਨਕ ਪਾਤਿਸ਼ਾਹ ਨੇ ਆਪ ਜਿਤਾਇਆ।

ਜਿਨਿ ਕੀਤੀ ਸੋ ਮੰਨਣਾ ਕੋ ਸਾਲੁ ਜਿਵਾਹੇ ਸਾਲੀ ॥ ਧਰਮ
ਰਾਇ ਹੈ ਦੇਵਤਾ ਲੈ ਗਲਾ ਕਰੇ ਦਲਾਲੀ ॥ ਸਤਿਗੁਰੁ ਆਖੈ
ਸਚਾ ਕਰੇ ਸਾ ਬਾਤ ਹੋਵੈ ਦਰਹਾਲੀ। ਗੁਰ ਅੰਗਦ ਦੀ
ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ ॥ ਨਾਨਕੁ ਕਾਇਆ
ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ ॥ ਦਰੁ ਸੇਵੇ
ਉਮਤਿ ਖੜੀ ਮਸਕਲੈ ਹੋਇ ਜੰਗਾਲੀ ॥ ਦਰਿ ਦਰਵੇਸੁ
ਖਸੰਮ ਦੈ ਨਾਇ ਸਚੈ ਬਾਣੀ ਲਾਲੀ ॥ ਬਲਵੰਡ ਖੀਵੀ
ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥ ਲੰਗਰਿ
ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥
ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ ॥ ਪਏ
ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ ॥ ਮਾਤਾ
ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ ॥੩॥

ਭਾਵ, ਗੁਰੂ ਦੇ ਹੁਕਮ ਨੂੰ ਮੰਨਣਾ ਹੀ ਸ੍ਰੇਸ਼ਟ ਕਰਮ ਹੈ। ਸ਼ਬਦ ਦੀ ਦਾਤ

ਗੁਰੂ ਅੰਗਦ ਦੇਵ ਜੀ ਨੂੰ ਬਖਸ਼ੀ ਗਈ ਤੇ ਉਸ ਸ਼ਬਦ ਦੀ ਬਰਕਤ (ਆਤਮਿਕ-ਸ਼ਕਤੀ) ਨਾਲ, ਵਾਹਿਗੁਰੂ ਦੀ ਸਿਫਤ-ਸਲਾਹ ਦੀ ਅਦੁੱਤੀ ਦਾਤ ਦੇ ਕਾਰਨ ਦਿਨੋ ਦਿਨ ਗੁਰੂ ਅੰਗਦ ਦੇਵ ਜੀ ਦੀ ਸ਼ੋਭਾ; ਮਾਣ, ਆਦਰ ਤੇ ਸਤਿਕਾਰ ਵਧਦਾ ਗਿਆ, ਤੇ ਲੋਕਾਂ ਨੇ ਵੀ ਅਸਲੀਅਤ ਨੂੰ ਜਾਣ ਲਿਆ ਕਿ ਪਿਤਾ ਦਾ ਕਿਹਾ (ਹੁਕਮ) ਸ੍ਰੇਸ਼ਟ ਹੈ ਤੇ ਪੁੱਤਰਾਂ ਦੇ ਪ੍ਰਚਾਰ (ਗੁਰੂ ਅਸੀਂ ਹਾਂ, ਜਾਂ ਅਸੀਂ ਗੁਰਤਾ ਦੇ ਮਾਲਕ ਹਾਂ) ਨੂੰ ਕਿਸੇ ਨੇ ਵੀ ਨਾ ਮੰਨਿਆ, ਤੇ ਇਉਂ ਗੱਲ ਹੋਈ ਕਿ ਚੌਲ ਜੋ ਖਾਣ ਦੀ ਵਸਤੂ ਹੈ; ਉਸ ਨੂੰ ਤਾਂ ਸਾਂਭ ਲਈਦਾ ਹੈ ਤੇ ਫੱਕ ਸੁਟ ਦੇਈਦਾ ਹੈ, ਇਉਂ ਚੇਲਾ (ਗੁਰੂ ਦੇ ਹੁਕਮ) ਨੂੰ ਤਾਂ ਸੰਭਾਲ ਲਿਆ, ਭਾਵ ਮੰਨ ਲਿਆ ਤੇ ਪੁੱਤਰਾਂ ਦੇ ਕਹੇ (ਫੱਕ) ਨੂੰ ਸੁਟ ਦਿਤਾ, ਭਾਵ ਰੱਦ ਦਿਤਾ, ਤੇ ਸੰਗਤਾਂ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਵਧ ਚੜ੍ਹ ਕੇ ਆਉਣ ਲੱਗ ਪਈਆਂ। ਕਿਉਂਕਿ ਧਰਮਰਾਜ (ਭਾਵ) ਧਰਮ (ਅਸਲੀਅਤ) ਜੋ ਹੈ, ਉਹ ਗੁੱਝੀ ਨਹੀਂ ਰਹਿੰਦੀ, ਤੇ ਉਸ ਦਾ ਇਨਸਾਫ ਕਿਸੇ ਦਲੀਲ ਨਾਲ ਕੱਟਿਆ ਨਹੀਂ ਜਾ ਸਕਦਾ। ਤੇ ਫਿਰ ਉਸ ਗੱਲ ਦੀ ਪ੍ਰਤਖ ਤਸਵੀਰ ਸਾਹਮਣੇ ਆ ਗਈ ਕਿ ਜੋ ਗੁਰੂ ਅੰਗਦ ਦੇਵ ਜੀ ਫੁਰਮਾਉਂਦੇ ਹਨ, ਉਹ ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਉਸੇ ਸਮੇਂ ਸੱਚਾ ਹੋ ਕੇ ਸਾਹਮਣੇ ਆ ਜਾਂਦਾ ਹੈ। ਤੇ ਇਹੋ ਹੀ ਸੱਚੇ ਪ੍ਰਭੂ ਦਾ ਸੱਚਾ ਛਤਰ ਸੀ, ਜੋ ਗੁਰੂ ਅੰਗਦ ਦੇਵ ਜੀ ਦੇ ਸਿਰ ਤੇ ਝੁਲਣ ਲਗ ਪਿਆ ਸੀ। ਤੇ ਇਸ ਗੱਲ ਨੇ ਗੁਰੂ ਅੰਗਦ ਦੇਵ ਜੀ ਦੇ ਪ੍ਰਤੱਖ ਪ੍ਰਭੂ-ਰੂਪ ਹੋਣ ਦਾ (ਹੋਕਾ) ਫੇਰ ਦਿਤਾ। ਸੱਚੇ ਪ੍ਰਭੂ ਨੇ ਐਉਂ ਨਿਹਚਲ (ਕਦੇ ਨਾ ਡੋਲਣ ਵਾਲਾ) ਬਣਾ ਦਿਤਾ। ਤੇ ਲੋਕਾਂ ਨੂੰ ਯਕੀਨ ਹੋ ਗਿਆ ਕਿ ਇਹ ਗੁਰੂ ਨਾਨਕ ਹੀ ਕਾਇਆ ਪਲਟ ਕੇ ਦੂਜਾ ਰੂਪ ਧਾਰਕੇ ਤਖਤ ਤੇ (ਗੁਰਤਾ ਦਾ ਮਾਲਕ) ਆਣ ਬੈਠਾ ਹੈ, ਤੇ ਉਮਤ ਸਿੱਖ ਸੰਗਤਾਂ ਉਸ ਦੇ ਦਰ ਤੇ ਆ ਕੇ ਨਮਸ਼ਕਾਰਾਂ ਕਰਦੀਆਂ ਤੇ ਜੰਗਾਲ (ਭਾਵ, ਆਪਣੇ ਪਾਪਾਂ) ਨੂੰ ਦੂਰ ਕਰਦੀਆਂ। ਤੇ ਇਹ ਗੱਲ ਹੁਣ ਪ੍ਰਤੱਖ ਹੋ ਗਈ ਕਿ ਜੋ ਵੀ ਗੁਰੂ ਅੰਗਦ ਦੇਵ ਜੀ ਦੇ ਪ੍ਰਤਾਪ ਦਾ ਵਾਧਾ ਹੋਇਆ ਤੇ ਉਨ੍ਹਾਂ ਦੇ ਚੇਹਰੇ ਤੇ ਦਗ ਦਗ ਕਰਦੀ ਨਾਮ ਦੀ ਲਾਲੀ ਬਣੀ (ਭਾਵ ਚਮਕਾਂ ਮਾਰਦੀ) ਸੀ, ਉਹ ਸਭ ਗੁਰੂ ਨਾਨਕ (ਖਸਮ) ਮਾਲਕ ਦੇ ਦਰ ਤੇ ਦਰਵੇਸ਼ (ਸੇਵਕ) ਬਣਨ ਦੀਆਂ ਹੀ ਸਾਰੀਆਂ ਬਰਕਤਾਂ ਦਾ ਸਿੱਟਾ ਸੀ। ਤੇ ਇਸ ਸਮੇਂ ਖੀਵੀ (ਗੁਰੂ ਅੰਗਦ ਦੇਵ ਜੀ ਦੇ

ਮਹਿਲ) ਦੀ ਕੀਤੀ ਸੇਵਾ ਦਾ ਵੀ ਬਲਵੰਡ ਜੀ ਕਥਨ ਕਰਨੋਂ ਨਹੀਂ ਰਹਿ ਸਕੇ, ਜੋ ਇਹ ਸਮਝ ਕੇ ਸੰਗਤਾਂ ਦੀ ਸੇਵਾ ਕਰਦੇ ਸਨ ਕਿ ਸੇਵਾ ਹੀ ਸਭ ਤੋਂ ਉਤਮ ਵਸਤੂ ਹੈ, ਜਿਸ ਦੀ ਬਦੌਲਤ ਮੇਰੇ ਪਤੀ ਤੇ ਮੈਨੂੰ ਇਤਨਾ ਮਾਣ ਤੇ ਵਡਿਆਈ ਦਾ ਦਰਜਾ ਪ੍ਰਾਪਤ ਹੋਇਆ ਹੈ।

ਗੁਰੂ ਅੰਗਦ ਦੇਵ ਜੀ ਨੇ ਗਊਆਂ ਜਾਂ ਮਝਾਂ ਦਾ ਏਨਾ ਸਟਾਕ ਨਹੀਂ ਸੀ ਕੀਤਾ ਕਿ ਗੁਰੂ ਕੇ ਆਪਣੇ ਘਰੋਂ ਦੁੱਧ ਪਾ ਕੇ ਖੀਰਾਂ ਬਣਾਉਂਦੇ ਸਨ, ਇਹ ਤਾਂ ਸਗੋਂ ਉਨ੍ਹਾਂ ਦੇ ਹੁਕਮ ਦੀ ਸੱਤਾ ਸੀ ਕਿ ਨਗਰ ਦੇ ਲੋਕਾਂ ਦੇ ਬੇਨਤੀ ਕਰਨ ਤੇ ਕਿ ਸਾਡੇ ਡੰਗਰਾਂ ਦੇ ਦੁੱਧ ਘਟ ਗਏ ਹਨ ਤੇ ਪਤਾ ਨਹੀਂ ਕੀ ਕਾਰਨ ਹੈ, ਤਾਂ ਗੁਰੂ ਜੀ ਨੇ ਕਿਹਾ ਸੀ ਕਿ ਜੇ ਅੱਧਾ ਦੁੱਧ ਗੁਰੂ ਕੇ ਲੰਗਰ ਲਈ ਦੇਣਾ ਸ਼ੁਰੂ ਕਰ ਦਿਓ ਤਾਂ ਅੱਜ ਤੋਂ ਹੀ ਤੁਹਾਡੀਆਂ ਗਊਆਂ ਮਝਾਂ ਦਾ ਦੁੱਧ ਵਧ ਜਾਵੇਗਾ, ਸੋ ਏਨਾ ਦੁੱਧ ਗੁਰੂ ਕੇ ਲੰਗਰ ਲਈ ਆਉਣ ਲਗਾ ਕਿ ਖੀਰਾਂ ਬਣਾ ਕੇ ਵੀ ਵਧਣ ਲਗਾ ਜੋ ਫਿਰ ਰਿੜਕ ਕੇ, ਘਿਉ ਕੱਢ ਕੇ ਹੀ ਖੀਰਾਂ ਵਿਚ ਪਾ ਦਿਤਾ ਜਾਂਦਾ ਸੀ, ਤੇ ਫੇਰ ਜੋ ਐਸਾ ਗੁਰੂ ਕੇ ਹੁਕਮ ਦੀ ਸੱਤਾ ਵਾਲਾ ਲੰਗਰ ਛਕਦਾ ਸੀ, ਉਹ ਨਿਹਾਲ ਹੋ ਜਾਂਦਾ ਸੀ। ਸੋ ਇਹੀ ਕਾਰਨ ਸੀ ਕਿ ਗੁਰਸਿਖਾਂ, ਸੇਵਾ ਕਰਨ ਵਾਲਿਆਂ ਤੇ ਗੁਰੂ ਦੀ ਆਗਿਆ ਪਾਲਣ ਕਰਨ ਵਾਲਿਆਂ ਦੇ ਤਾਂ ਮੁਖੜੇ ਚਮਕ ਪਏ, ਖੁਸ਼ੀਆਂ ਨਾਲ ਲਾਲ ਹੋ ਗਏ, ਪਰ ਮਨਮੁਖਾਂ ਦੇ ਮੂੰਹ ਪੀਲੇ ਹੋ ਗਏ, ਉਹ ਏਨੇ ਸ਼ਰਮਿੰਦੇ ਹੋਏ ਕਿ ਅਗੋਂ ਗੱਲ ਕਰਨ ਜੋਗੇ ਵੀ ਨਾ ਰਹੇ।

ਸੋ ਬਲਵੰਡ ਜੀ ਦੱਸਦੇ ਹਨ ਕਿ ਇਹ ਸਭ ਕੁਝ ਕਿਉਂ ਹੋਇਆ ? ਇਸੇ ਲਈ ਕਿ ਗੁਰੂ ਅੰਗਦ ਦੇਵ ਜੀ ਨੇ ਨਿਰ-ਇੱਛਤ ਹੋ ਕੇ ਗੁਰੂ ਨਾਨਕ ਨੂੰ ਪਾਰ ਬ੍ਰਹਮ ਦਾ ਰੂਪ ਜਾਣਕੇ ਸਮਝਿਆ ਕਿ ਇਹੀ ਲੋਕ ਪ੍ਰਲੋਕ ਦੇ ਮਾਲਕ ਤੇ ਹਰ ਤਰ੍ਹਾਂ ਸਮਰੱਥ ਹਨ ਉਨ੍ਹਾਂ ਦੀ ਸੇਵਾ ਕੀਤੀ, ਉਹ ਘਾਲਣਾ ਘਾਲੀ ਕਿ ਉਨ੍ਹਾਂ ਦੀ ਘਾਲ ਖਸੰਮ (ਗੁਰੂ ਨਾਨਕ) ਦੀ ਨਜ਼ਰ ਵਿਚ ਆ ਗਈ ਤੇ ਉਹ ਕਬੂਲ ਹੋ ਗਏ, ਮੰਨੇ ਗਏ। ਤੇ ਅੱਜ ਸਭ ਕੁਝ ਸੋਭਾ ਤੇ ਮਾਣ ਵਡਿਆਈ ਹੋ ਰਹੀ ਹੈ, ਇਹ ਗੁਰੂ ਨਾਨਕ ਦੀ ਹੀ ਮੇਹਰ ਸਦਕਾ ਹੀ ਹੋ ਰਹੀ ਹੈ। ਤੇ ਮਾਤਾ ਖੀਵੀ ਜੀ ਦੇ ਸੁਆਮੀ, ਉਸ ਗੁਰੂ ਨਾਨਕ ਦੀ ਮੇਹਰ ਸਦਕਾ ਏਨੇ ਤਾਣ ਵਾਲੇ (ਸ਼ਕਤੀ ਵਾਲੇ) ਹੋ ਗਏ ਹਨ, ਕਿ ਜਿਵੇਂ ਕਿਸੇ ਮਕਾਨ ਦੀ ਉਸਾਰੀ ਸਮੇਂ ਮਕਾਨ ਬਣਾਉਣ ਵਾਲੇ ਕਾਰੀਗਰ ਉਸਾਰੀ ਦੀ ਮੱਦਦ ਲਈ ਗੋਆਂ (ਵਾਂਸ ਗੱਡ ਕੇ

ਉਤੇ ਫੱਟੇ ਰੱਖ ਕੇ ਬੈਠਣ ਲਈ ਜਗ੍ਹਾ) ਬਣਾਂਦੇ ਤੇ ਬੈਠ ਕੇ ਮਕਾਨ ਦੀ ਉਸਾਰੀ ਕਰੀ ਜਾਂਦੇ ਹਨ, ਏਸੇ ਤਰ੍ਹਾਂ ਹੀ ਗੁਰੂ ਅੰਗਦ ਜੀ ਨੇ ਸਿੱਖੀ ਰੂਪ ਸੰਸਾਰ ਦੇ ਭਾਰ ਚੁੱਕਣ ਲਈ ਗੋਅ ਦਾ ਰੂਪ ਧਾਰਿਆ ਹੋਇਆ ਹੈ ।

ਹੋਰਿਂਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ ॥
ਨਾਨਕ ਈਸਰਿ ਜਗਨਾਥਿ ਉਚਹਦੀ ਵੈਣੁ ਵਿਰਿਕਿਓਨੁ ॥
ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ ॥
ਚਉਦਹ ਰਤਨ ਨਿਕਾਲਿਅਨੁ ਕਰਿ ਆਵਾਗਉਣੁ ਚਿਲਕਿਓਨੁ ॥ ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ ਪਿਡ ਠਿਣਕਿਓਨੁ ॥ ਲਹਣੇ ਧਰਿਓਨੁ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ ॥ ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ ॥ ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ ॥ ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥੪॥

ਦੁਨੀਆਂ ਹੈਰਾਨ ਹੋ ਰਹੀ ਹੈ ਤੇ ਆਖ ਰਹੀ ਹੈ ਕਿ ਇਹ ਕੀ ਕੀਤਾ ? ਗੰਗਾ ਉਲਟੀ ਹੀ ਚਲਾ ਦਿਤੀ ਹੈ । ਗੁਰੂ ਨਾਨਕ ਜੀ ਨੇ ਤਾਂ ਕਮਾਲ ਕਰ ਦਿਤਾ ਹੈ ਕਿ ਗੁਰੂ ਹੋ ਕੇ ਚੇਲੇ ਨੂੰ ਮੱਥਾ ਟੇਕਿਆ ਤੇ ਫਿਰ ਉਨ੍ਹਾਂ ਨੂੰ ਆਪਣੀ ਸਾਰੀ ਸ਼ਕਤੀ ਬਖਸ਼ ਕੇ ਆਪਣੇ ਜੇਹਾ ਹੀ ਬਣਾ ਦਿਤਾ ਹੈ ।

ਭਾਵ ਕਿ ਗੁਰੂ ਨਾਨਕ ਪਾਤਿਸ਼ਾਹ ਨੇ ਜੋ ਉੱਚੀ ਹੱਦ ਵਾਲਾ ਬਚਨ ਕੀਤਾ, ਉਹ ਐਸਾ ਕੀਤਾ ਕਿ ਪ੍ਰਤੱਖ ਕਰ ਦਿਤਾ, ਚੇਲੇ ਨੂੰ ਗੁਰੂ ਬਣਾ ਕੇ ਦਿਖਾ ਦਿਤਾ ਤੇ ਇਹ ਬਚਨ ਐਸੀ ਤਾਕਤ ਵਾਲਾ ਸੀ ਕਿ ਜਿਵੇਂ ਸਮੁੰਦਰ ਨੂੰ ਰਿੜਕਣ ਲਈ ਬਾਸਕ ਨਾਗ (ਸ਼ੇਸ਼ ਨਾਗ) ਦਾ ਨੇਤਰਾ ਤੇ ਪਰਬਤ ਦਾ ਮਧਾਣਾ ਬਣਾਇਆ ਗਿਆ ਸੀ, ਇਉਂ ਹੀ ਇਸ ਗੁਰੂ ਨਾਨਕ ਦੇ ਬਚਨ ਨੇ ਸੁਰਤੀ ਰੂਪ ਪ੍ਰਬਤ ਦਾ ਮਧਾਣਾ ਬਣਾ ਕੇ ਤੇ ਇਕਾਗ੍ਰਤਾ ਰੂਪੀ ਬਾਸਕ ਨਾਗ ਦਾ ਨੇਤਰਾ ਪਾ ਕੇ, ਗੁਰ-ਸ਼ਬਦ ਰੂਪ ਸਮੁੰਦਰ ਨੂੰ ਰਿੜਕ ਦਿਤਾ। ਦੇਵਤਿਆਂ ਨੇ ਸਮੁੰਦਰ ਰਿੜਕ ਕੇ ਉਸ ਵਿਚੋਂ ਚੌਦਾਂ *ਰਤਨ ਕੱਢੇ ਸਨ, ਪਰ ਇਥੇ ਕੀ ਨਿਕਲਿਆ ? ਏਥੇ

*੧.ਲਛਮੀ, ੨ ਰੰਭਾ ਅਪੱਛਰਾਂ, ੩. ਕਾਮਧੇਨ ਗਊ, ੪. ਕਲਪ ਬ੍ਰਿਛ, ੫. ਚੰਦ੍ਰਮਾ, ੬. ਸੰਖ, ੭. ਧਨੁਸ਼, ੮. ਧਨੰਤਰ ਵੈਦ, ੯. ਅੰਮ੍ਰਿਤ, ੧੦. ਕੋਸ਼ਤਭ ਮਣੀ, ੧੧. ਸ਼ਰਾਬ, ੧੨. ਐਰਾਪਤ ਹਾਥੀ, ੧੩. ਉਚਸਰਵਾ ਘੋੜਾ, ੧੪. ਜ਼ਹਿਰ ।

ਦੈਵੀ ਗੁਣਾਂ ਦੇ ਰਤਨ ਨਿਕਲੇ-ਸਤ, ਸੰਤੋਖ, ਸਬਰ ਧੀਰਜ, ਲਗਨ ਆਦਿ ਗੁਣ ਐਸੇ ਪ੍ਰਗਟ ਹੋਏ ਕਿ ਜਿਨ੍ਹਾਂ ਦੀ ਚਮਕ ਨੇ ਦੁਨੀਆਂ ਨੂੰ ਮੋਹ ਲਿਆ-ਤੇ ਮਨੁੱਖਾਂ ਅੰਦਰ, ਸਤਿਗੁਰਾਂ ਦੀ ਸਿਖਿਆ ਨੇ, ਗੁਰੂ ਦੀ ਮਹਿਮਾ ਦੇ ਰਤਨ, ਜਵਾਹਰ ਤੇ ਮਾਣਿਕ, ਜੋ ਲੁਕੇ ਹੋਏ ਸਨ, ਉਹ ਪ੍ਰਗਟ ਕਰ ਦਿਤੇ ਤੇ ਇਉਂ ਕਰ ਕੇ ਇਹੋ ਜਿਹਾ ਕ੍ਰਿਸ਼ਮਾ (ਕੌਤਕ) ਦੁਨੀਆਂ ਨੂੰ ਕਰ ਕੇ ਦਿਖਾ ਦਿਤਾ, ਗੁਰੂ ਅੰਗਦ ਦੇਵ ਜੀ ਦੀ ਵਡਿਆਈ; ਸੋਭਾ ਤੇ ਮਾਨਤਾ ਦਾ ਛਤਰ ਅਸਮਾਨ ਜੇਡਾ ਉੱਚਾ ਕਰ ਦਿਤਾ, ਭਾਵ ਕਿ ਗੁਰੂ ਅੰਗਦ ਦੇਵ ਜੀ ਦੇ ਸੁਜਸ ਦੀ ਲਹਿਰ ਫੈਲ ਗਈ, ਜੋ ਅਗੇ ਤੋਂ ਅਗੇ ਵਧਦੀ ਹੀ ਗਈ।

ਪਰ ਇਹ ਸਭ ਕੁਝ ਗੁਰੂ ਨਾਨਕ ਜੀ ਦੀ ਕਿਰਪਾ ਸੀ, ਜਿਨ੍ਹਾਂ ਨੇ ਆਪਣੀ ਜੋਤਿ ਨੂੰ ਗੁਰੂ ਅੰਗਦ ਦੇਵ ਜੀ ਵਿਚ ਰਖ ਕੇ, ਉਨ੍ਹਾਂ ਦੀ ਜੋਤ ਨਾਲ ਇਕ-ਮਿਕ ਕਰ ਦਿਤਾ ਤੇ ਆਪਣੇ ਜਿਹਾ ਬਣਾ ਲਿਆ, ਤੇ ਇਹ ਸਭ ਕੁਝ ਉਨ੍ਹਾਂ ਨੇ ਸਭ ਸਿੱਖਾਂ ਨੂੰ, ਪੁੱਤਰਾਂ ਨੂੰ ਪ੍ਰਤਿਆ ਤੇ ਪਰਖ ਕੇ ਕੀਤਾ, ਤੇ ਜਦ ਲਹਿਣਾ ਜੀ ਸ਼ੁਧ ਦੇਖੇ, ਹਉਮੈ ਤੋਂ, ਲੋਭ ਤੋਂ, ਅਪਣੱਤ ਤੋਂ ਤੇ ਹਰ ਤਰ੍ਹਾਂ ਦੀ ਲੱਗ ਲਬੇੜ ਤੋਂ ਨਿਰਲੇਪ ਤੇ ਨਿਸ਼ਕਾਮ ਦੇਖੇ, ਤਾਂ ਫਿਰ ਗੁਰੂ ਨਾਨਕ ਜੀ ਨੇ ਆਪਣੀ ਜੋਤ ਦਾ ਨਿਵਾਸ ਉਨ੍ਹਾਂ ਵਿਚ ਕਰ ਦਿਤਾ ਤੇ ਉਨ੍ਹਾਂ ਨੂੰ ਗੁਰਤਾ ਬਖਸ਼ ਦਿਤੀ।

ਮਤਿ ਵਿਚਿ ਰਤਨ ਜਵਾਹਰ ਮਾਣਿਕ
ਜੇ ਇਕ ਗੁਰ ਕੀ ਸਿਖ ਸੁਣੀ ॥ *(ਜਪੁਜੀ)*

ਸਰੀਰ ਵਿਚਲੀਆਂ ਦਸ ਇੰਦਰੀਆਂ ਤੇ ਚਾਰ ਅੰਤਹ ਕਰਨ, ਇਨ੍ਹਾਂ ਨੂੰ ਵੱਸ ਕਰਨਾ, ਜਾਂ ਵੈਰਾਗ, ਵਿਵੇਕ, ਮੋਹ ਇਛਾ, ਖਟ ਸੰਪਤੀ ੬ ਇਹ ਤੇ ਸ੍ਵਣ, ਮੰਨਣ, ਨਿਧਿ-ਆਸਨ, ਤਤ ਪਦ ਅਤੇ ਤੂੰ ਪਦ ਦਾ ਸੋਧਣਾ ਇਹ ੧੪ ਦੈਵੀ ਗੁਣ ਹਨ। ਐਸੇ ਗੁਣਾਂ ਨੂੰ ਜਾਨਣ ਲਈ ਐਡਾ ਵਡਾ ਪਿੰਡ ਸਤਿ ਸੰਗਤ ਦਾ ਠਿਣਿਕਓਨੁ ਭਾਵ ਬਣਾ ਦਿਤਾ ਹੈ, ਜਿਥੇ ਇਨ੍ਹਾਂ ਗੁਣਾਂ ਦਾ ਖਜ਼ਾਨਾ (ਨਾਮ ਦਾ ਵਪਾਰ) ਹਰ ਵੇਲੇ ਹੀ ਖੁਲ੍ਹਾ ਰਹਿੰਦਾ ਹੈ।

☯☯☯

੧੩.

ਸੱਤਾ ਤੇ ਬਲਵੰਡ ਨੇ ਭਰੀ ਸਭਾ ਵਿਚ ਸੱਚੇ ਦਿਲ ਨਾਲ ਤੇ ਤਨੋਂ ਮਨੋਂ ਹੋ ਕੇ, ਜਦ ਗੁਰੂ ਨਾਨਕ ਪਾਤਸ਼ਾਹ ਦੀ ਐਸੀ ਸਿਫਤ-ਸਲਾਹ ਕੀਤੀ, ਤੇ ਜਿਉਂ ਜਿਉਂ ਉਹ ਸਿਫਤ ਸਲਾਹ ਕਰੀ ਜਾਂਦੇ ਸਨ; ਉਨ੍ਹਾਂ ਦੀ ਪੀੜ ਨੂੰ ਅਰਾਮ ਤੇ ਦੁੱਖ-ਦਰਦ ਹਟਦਾ ਜਾਂਦਾ ਸੀ।

ਜਿਥੇ ਹੋਰ ਸੰਗਤਾਂ ਬੈਠੀਆਂ ਇਸ ਨਜ਼ਾਰੇ ਨੂੰ ਤੱਕ ਰਹੀਆਂ ਤੇ ਸਿਫਤ ਸਲਾਹ ਨੂੰ ਸੁਣ ਰਹੀਆਂ ਸਨ ਉਥੇ ਭਾਈ ਮੰਝ ਜੀ ਵੀ ਬੈਠੇ ਸਨ ਤੇ ਉਹ ਵੀ ਸੁਣ ਸੁਣ ਨਿਹਾਲ ਹੋ ਰਹੇ ਸਨ ਅਗੇ ਵੀ ਉਹ ਸੱਤੇ ਬਲਵੰਡ ਦਾ ਕੀਰਤਨ ਸੁਣਦੇ ਰਹੇ ਸਨ ਅਗੇ ਵੀ ਤਾਂ ਏਨੇ ਮਸਤ ਹੋ ਕੇ ਬੈਠੇ ਸਨ, ਕਿ ਘਾਹ ਦੀ ਪੰਡ ਲਿਆ ਕੇ ਜੋ ਘਰ ਰਖ ਆਏ ਸਨ, ਉਸ ਦੇ ਵੇਚਣ ਦਾ ਖਿਆਲ ਹੀ ਭੁਲ ਗਿਆ ਸੀ। ਪਤਨੀ ਆਈ ਪਰ ਅਗੇ ਵਧ ਕੇ, ਸੰਗਤਾਂ ਨੂੰ ਟੱਪ ਕੇ, ਭਾਈ ਮੰਝ ਤਕ ਪਹੁੰਚਣਾ ਮੁਸ਼ਕਲ ਵੇਖ ਕੇ, ਉਹ ਵਾਪਸ ਮੁੜ ਗਈ ਸੀ, ਤੇ ਉਸ ਨੇ ਆਪ ਹੀ ਕਿਸੇ ਨੂੰ ਘਾਹ ਦੀ ਪੰਡ ਚੁਕਾ ਦਿਤੀ, ਤੇ ਜੋ ਮਿਲਿਆ, ਉਹ ਲੈ ਲਿਆ।

ਏਧਰ ਸੱਤੇ ਬਲਵੰਡ ਨੇ ਅਜੇ ਤਕ ਗੁਰੂ ਨਾਨਕ ਪਾਤਸ਼ਾਹ ਦੀ ਸਿਫਤ ਦਾ ਹੀ ਵਰਨਣ ਕੀਤਾ ਸੀ ਤੇ ਹੁਣ ਉਹਨਾਂ ਨੇ ਗੁਰੂ ਅੰਗਦ ਦੇਵ ਜੀ ਦਾ ਖਡੂਰ ਸਾਹਿਬ ਚਲੇ ਆਉਣ ਦਾ ਜ਼ਿਕਰ ਕੀਤਾ।

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥ ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ ॥ ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ ॥ ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ ॥ ਜਿਤੁ ਸੁ ਹਾਥ ਨ ਲਭਈ ਤੂੰ ਓਹੁ ਠਰੂਰੁ ॥ ਨਉ ਨਿਧਿ ਨਾਮੁ ਨਿਧਾਨੁ ਹੈ ਤੁਧੁ ਵਿਚਿ ਭਰਪੂਰੁ ॥ ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ ॥ ਨੇੜੈ ਦਿਸੈ ਮਾਤ ਲੋਕ ਤੁਧੁ ਸੁਝੈ ਦੂਰੁ ॥ ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥੫॥

ਸੱਤਾ ਬਲਵੰਡ ਜੀ ਦਸਦੇ ਹਨ ਕਿ ਜਦ ਗੁਰੂ ਨਾਨਕ ਪਾਤਸ਼ਾਹ ਨੇ ਆਪ ਨੂੰ ਗੁਰਤਾ ਦੇ ਦਿਤੀ, ਮਾਣ ਤੇ ਵਡਿਆਈ ਬਖਸ਼ ਕੇ ਆਪਣੇ ਪਵਿਤਰ ਸੀਸ ਨੂੰ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਤੇ ਰਖ ਦਿਤਾ, ਤੇ ਫੇਰ ਹੁਕਮ ਦਿਤਾ ਸੀ ਕਿ ਤੁਸੀਂ ਖਡੂਰ ਜਾ ਰਹੋ, ਸੋ ਗੁਰੂ ਅੰਗਦ ਦੇਵ ਜੀ ਜੋ ਭਾਈ ਫੇਰੂ ਜੀ ਦੇ ਸਪੁੱਤਰ ਸਨ, ਨੇ ੧੦-੧੨ ਸਾਲ ਦੀ ਗੈਰ ਹਾਜ਼ਰੀ ਮਗਰੋਂ, ਖਡੂਰ ਨੂੰ ਫੇਰ ਆਣ ਵਸਾਇਆ, ਭਾਵ ਫੇਰ ਉਸ ਵਿਚ ਆਣ ਵੱਸੇ। ਆਪ ਜੀ ਆਪਣੇ ਨਾਲ ਜਪ, ਤਪ ਤੇ ਸੰਜਮ ਦੇ ਮਹਾਨ ਗੁਣ ਲੈਕੇ ਆਏ ਪਰ ਹੋਰਨਾਂ ਨੂੰ ਵੱਡੇ ਹੰਕਾਰ ਸਨ, ਆਪਣੇ ਕਰਮਾਂ ਦੇ ਆਪਣੀਆਂ ਜਾਤਾਂ ਦੇ ਤੇ ਆਪਣੇ ਧਨ ਮਾਲ ਦੇ ਪਰ ਲੋਕ ਇਹ ਨਹੀਂ ਜਾਣਦੇ ਕਿ ਜਿਵੇਂ ਮਿੱਠੇ ਤੇ ਸੁੰਦਰ ਜਲ ਨੂੰ ਬੂਰੇ ਨਾਸ ਕਰ ਦਿੰਦਾ ਹੈ, ਇਵੇਂ ਹੀ ਇਹ ਧਨ ਤੇ ਮਾਇਆ ਦਾ ਲਬ (ਲਾਲਚ) ਮਨੁੱਖਤਾ ਨੂੰ ਖਤਮ ਕਰੀ ਜਾ ਰਿਹਾ ਹੈ, ਪਰੰਤੂ ਜਪ ਤਪ ਸੰਜਮ ਵਾਲੇ ਗੁਰੂ ਦੀ ਦਰਗਾਹ (ਦਰਬਾਰ) ਵਿਚ ਕੁਦਰਤੀ ਨੂਰ ਵਰਸਣ ਲਗ ਪਿਆ, ਕਿਉਂਕਿ ਗੁਰੂ ਅੰਗਦ ਦੇਵ ਜੀ, ਐਸੇ ਸ਼ਾਂਤੀ ਦੇ ਸਮੁੰਦਰ ਬਣ ਕੇ ਆਏ ਸਨ, ਕਿ ਜਿਨ੍ਹਾਂ ਦੀ ਹਾਥ (ਅੰਤ) ਕਿਸੇ ਨੂੰ ਲਭਦੀ ਹੀ ਨਹੀਂ ਸੀ, ਤੇ ਇਨ੍ਹਾਂ ਗੁਣਾਂ ਕਾਰਨ ਹੀ ਨਉਨਿਧੀਆਂ ਤੇ ਨਾਮ ਦਾ ਖਜ਼ਾਨਾ ਆਪ ਦੇ ਦਰਬਾਰ ਵਿਚ ਹਾਜ਼ਰ ਰਹਿੰਦਾ ਸੀ। ਪਰ ਨਿੰਦਕਾਂ ਨੂੰ ਕੁਝ ਨਹੀਂ ਸੁਝਦਾ, ਤੇ ਉਹ ਨਿੰਦਾ ਕਰਦੇ ਸਨ, ਪਰ ਨਿੰਦਾ ਕਰਕੇ ਦੁਖ ਪਾਉਂਦੇ ਤੇ ਚੂਰ ਚੂਰ ਹੋਈ ਜਾਂਦੇ, ਭਾਵੇਂ ਮਹਾਂ ਸੰਕਟ ਤੇ ਕਲੇਸ਼ ਉਨ੍ਹਾਂ ਦੇ ਗਲ ਪੈ ਜਾਂਦੇ ਸਨ, ਜੋ ਉਨ੍ਹਾਂ ਦੇ ਗਲੋਂ ਲੱਥਦੇ ਹੀ ਨਹੀਂ ਸਨ। ਦੁਨੀਆਂ ਦੇ ਲੋਕਾਂ ਦੀ ਨਜ਼ਰ ਨੇੜੇ ਨੇੜੇ ਤਕ ਜਾ ਸਕਦੀ ਹੈ। ਦਿਮਾਗ ਤੇ ਅਕਲ ਵੀ ਨੇੜਤਾ ਦੀਆਂ ਗੱਲਾਂ ਹੀ ਸਮਝ ਸਕਦੀ, ਪਰ ਗੁਰੂ ਅੰਗਦ ਦੇਵ ਜੀ ਦੂਰ-ਦ੍ਰਿਸ਼ਟੀ ਵਾਲੇ ਤੇ ਸਮਝ ਵਾਲੇ ਗੰਭੀਰ ਸਾਗਰ ਸਨ, ਜਿਨ੍ਹਾਂ ਨੇ ਆਣ ਕੇ ਫਿਰ ਖਡੂਰ ਸਾਹਿਬ ਵਿਚ ਵਾਸਾ ਕਰ ਲਿਆ ਸੀ।

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ ॥ ਪਿਯੂ ਦਾਦੇ ਜੇਵਿਹਾ
ਪੋਤਾ ਪਰਵਾਣੁ ॥ ਜਿਨਿ ਬਾਸਕੁ ਨੇਤ੍ਰੈ ਘਤਿਆ ਕਰਿ ਨੇਹੀ
ਤਾਣੁ ॥ ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ ਮਧਾਣੁ ॥
ਚਉਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ ॥ ਘੋੜਾ
ਕੀਤੋ ਸਹਜ ਦਾ ਜਤੁ ਕੀਓ ਪਲਾਣੁ ॥ ਧਣਖੁ ਚੜਾਇਓ

ਸਤ ਦਾ ਜਸ ਹੰਦਾ ਬਾਣੁ ॥ ਕਲਿ ਵਿਚਿ ਧੂ ਅੰਧਾਰੁ ਸਾ ਚੜਿਆ ਰੈ ਭਾਣੁ ॥ ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ ॥ ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥ ਚਾਰੇ ਕੁੰਡਾਂ ਸੁਝੀਓਸੁ ਮਨ ਮਹਿ ਸਬਦੁ ਪਰਵਾਣੁ ॥ ਆਵਾਗਉਣੁ ਨਿਵਾਰਿਓ ਕਰਿ ਨਦਰਿ ਨੀਸਾਣੁ ॥ ਅਉਤਰਿਆ ਅਉਤਾਰੁ ਲੈ ਸੋ ਪੁਰਖੁ ਸੁਜਾਣੁ ॥ ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ ॥ ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ ॥ ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂੰ ਸੁਘੜੁ ਸੁਜਾਣੁ ॥ ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ ॥ ਨਾਨਕ ਹੰਦਾ ਛਤ੍ਰੁ ਸਿਰਿ ਉਮਤਿ ਹੈਰਾਣੁ ॥ ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ ॥ ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ ॥੬॥

ਸੱਤਾ ਬਲਵੰਡ ਜੀ ਨੇ ਅਗੋਂ ਗੁਰੂ ਅਮਰਦਾਸ ਜੀ ਦੀ ਸਿਫਤ-ਸਲਾਹ ਕਰਦਿਆਂ ਕਿਹਾ ਕਿ ਉਸੇ ਗੁਰਤਾ ਦੀ ਗੱਦੀ ਤੇ, ਜਿਸ ਉਤੇ ਗੁਰੂ ਅੰਗਦ ਦੇਵ ਜੀ ਬੈਠੇ, ਹੁਣ ਗੁਰੂ ਅਮਰਦਾਸ ਜੀ ਬੈਠੇ ਤੇ ਪਿਉ (ਗੁਰੂ ਅੰਗਦ ਦੇਵ ਜੀ) ਤੇ ਦਾਦੇ (ਗੁਰੂ ਨਾਨਕ ਦੇਵ ਜੀ) ਵਾਂਗ ਸਗੋਂ ਵਧੇਰੇ ਚਮਕੇ। ਉਨ੍ਹਾਂ ਨੇ ਬਿਰਧ ਅਵਸਥਾ ਵਿਚ ਸੁਰਤ ਦਾ ਨੇਤਰਾ ਤੇ ਆਤਮਿਕ ਬਲ ਦੀ ਕਿੱਲੀ ਬਣਾ ਕੇ ਐਸਾ ਸਮੁੰਦਰ ਰਿੜਕ ਕੇ ਦਿਖਾਇਆ ਕਿ ਹਿਰਦੇ ਰੂਪੀ ਸਮੁੰਦਰ ਵਿਚੋਂ ਦੈਵੀ ਗੁਣਾਂ ਦੇ ਐਸੇ ਚੌਦਾਂ ਰਤਨ (ਭਾਵ ਬੇਅੰਤ ਗੁਣ) ਪ੍ਰਗਟ ਕੀਤੇ ਕਿ ਜਿਨ੍ਹਾਂ ਨੇ ਅੰਧੇਰੇ ਸੰਸਾਰ ਨੂੰ ਚਾਨਣਾ ਬਣਾ ਦਿੱਤਾ। ਜਿਨ੍ਹਾਂ ਨੇ ਸਹਿਜ (ਤੁਰੀਆ ਪਦ) ਦਾ ਘੋੜਾ ਤੇ ਜਤ ਦਾ ਉਸ ਉਤੇ ਪਲਾਣਾ ਪਾਇਆ ਤੇ ਸੱਚ ਦਾ ਹੱਥ ਵਿਚ ਧਨੁਸ਼ ਫੜ ਕੇ ਪ੍ਰਮੇਸ਼ਰ ਦੀ ਸਿਫਤ-ਸਲਾਹ (ਜਸ) ਦਾ ਬਾਣ ਚਲਾ ਕੇ, ਝੂਠੇ ਭਰਮ-ਜਾਲਾਂ ਤੇ ਪ੍ਰਮੇਸ਼ਰ ਤੋਂ ਭੁਲੇ ਲੋਕਾਂ ਦੇ ਹਨੇਰੇ ਨੂੰ ਦੂਰ ਕਰ ਦਿਤਾ। ਸੱਚ ਦੀ ਖੇਤੀ ਕੀਤੀ, ਤੇ ਸੱਤ ਦੀ ਛਾਂਵ ਕੀਤੀ।

ਐਸੇ ਸਤਿਗੁਰੂ ਦੇ ਲੰਗਰ ਵਿਚੋਂ ਘਿਉ ਤੇ ਮੈਦਾ ਖਾਣ ਲਈ ਮਿਲਦਾ, ਤੇ ਸ਼ਬਦ ਦੀ ਦਾਤ, ਜੋ ਪਿਤਾ (ਗੁਰੂ ਅੰਗਦ ਜੀ) ਨੇ ਦਾਦੇ (ਗੁਰੂ ਨਾਨਕ ਦੇਵ ਜੀ) ਤੋਂ ਲਈ ਸੀ, ਉਸੇ ਦਾਤ ਗੁਰ ਸ਼ਬਦ ਨੇ ਆਪ ਨੂੰ ਵੀ ਚਾਰੇ ਕੁੰਟਾਂ ਦੀ ਸੋਝੀ ਵਾਲਾ ਬਣਾ ਦਿਤਾ। ਤੇ ਆਪ ਦੀ ਨਦਰ ਨੇ ਸ਼ਰਨ ਆਉਣ ਵਾਲਿਆਂ

ਦੇ ਆਵਾਗਉਣ (ਜਨਮ-ਮਰਨ) ਨੂੰ ਨਿਵਾਰ ਦਿੱਤਾ, ਖਤਮ ਕਰ ਦਿਤਾ ਤੇ ਐਸਾ ਪ੍ਰਤਾਪ ਆਪ ਦਾ ਬਣਿਆ ਕਿ ਮਾਨੋ ਅਕਾਲ ਪੁਰਖ ਹੀ ਆਪ ਅਵਤਾਰ ਧਾਰ ਕੇ ਆ ਗਿਆ ਹੈ, ਜਿਸ ਦਾ ਪ੍ਰਤਾਪ ਏਨਾ ਤੇਜ਼ ਵਾਲਾ ਹੈ ਕਿ ਪਰਬਤ ਦੀ ਤਰ੍ਹਾਂ ਉਸ ਨੂੰ ਕੋਈ ਝੱਖੜ, ਹਨੇਰੀ (ਕੂੜ ਕੁਸੱਤ, ਡਰ, ਲੋਭ ਜਾਂ ਹੋਰ ਕੋਈ ਦੁਨਿਆਵੀ ਤਾਕਤ) ਦਾ ਝੋਲਾ ਹਿਲਾ ਨਹੀਂ ਸਕਦਾ ਤੇ ਫਿਰ ਅੰਤਰਯਾਮੀ ਹਨ; ਹਰ ਜੀਵ ਦੀ ਅੰਦਰਲੀ ਹਾਲਤ ਨੂੰ ਜਾਣਦੇ ਹਨ। ਸੋ ਐਸੇ ਗੁਣਾਂ ਵਾਲੇ ਸਰਬ ਕਲਾ ਸਮਰੱਥ ਸਤਿਗੁਰੂ ਜੀ ਦੀ ਕੀ ਤਾਰੀਫ ਕਰੀਏ-ਤੇ ਜੋ ਦਾਨ ਸਤਿਗੁਰੂ ਨੂੰ ਦੇਣਾ ਭਾਵੇਗਾ, ਉਹੀ ਉਹ ਸੱਤੇ (ਮਰਾਸੀ) ਨੂੰ ਦੇ ਦੇਵੇਗਾ। ਕਿਉਂਕਿ ਉਸ ਦੇ ਸਿਰ ਤੇ ਗੁਰੂ ਨਾਨਕ ਦੀਆਂ ਵਡਿਆਈਆਂ ਦਾ ਛਤਰ ਹੈ, ਤੇ ਦੁਨੀਆਂ ਉਸ ਦੇ ਕੌਤਕਾਂ ਨੂੰ ਵੇਖ ਵੇਖ ਹੈਰਾਨ, ਅਸਚਰਜ ਹੋ ਰਹੀ ਹੈ ਤੇ ਆਖ ਰਹੀ ਹੈ ਕਿ ਜਿਹੋ ਜਿਹਾ ਪਿਉ (ਗੁਰੂ ਅੰਗਦ ਜੀ) ਸੀ ਤੇ ਦਾਦਾ (ਗੁਰੂ ਨਾਨਕ) ਸੀ, ਉਹੋ ਜਿਹਾ ਹੀ ਇਹ ਪੋਤ੍ਰਾ (ਗੁਰੂ ਅਮਰਦਾਸ) ਵੱਡੀ ਸ਼ੋਭਾ ਵਾਲਾ ਹੈ, ਉਹੀ ਗੁਰਤਾ ਤੇ ਉਹੀ ਆਤਮਿਕ ਸੱਤਾ ਇਨ੍ਹਾਂ ਵਿਚ ਕੰਮ ਕਰ ਰਹੀ ਹੈ।

> ਧੰਨੁ ਧੰਨੁ ਰਾਮਦਾਸ ਗੁਰੁ, ਜਿਨਿ ਸਿਰਿਆ ਤਿਨੈ ਸਵਾਰਿਆ ॥ ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥ ਸਿਖੀ ਅਤੈ ਸੰਗਤੀ, ਪਾਰਬ੍ਰਹਮੁ ਕਰਿ ਨਮਸਕਾਰਿਆ ॥ ਅਟਲੁ ਅਥਾਹੁ ਅਤੋਲੁ ਤੂ, ਤੇਰਾ ਅੰਤੁ ਨ ਪਾਰਾਵਾਰਿਆ ॥ ਜਿਨ੍ਹੀ ਤੂੰ ਸੇਵਿਆ ਭਾਉ ਕਰਿ, ਸੇ ਤੁਧੁ ਪਾਰਿ ਉਤਾਰਿਆ ॥ ਲਬੁ ਲੋਭੁ ਕਾਮੁ ਕ੍ਰੋਧੁ ਮੋਹੁ, ਮਾਰਿ ਕਢੇ ਤੁਧੁ ਸਪਰਵਾਰਿਆ ॥ ਧੰਨੁ ਸੁ ਤੇਰਾ ਥਾਨੁ ਹੈ, ਸਚੁ ਤੇਰਾ ਪੈਸਕਾਰਿਆ ॥ ਨਾਨਕੁ ਤੂ ਲਹਣਾ ਤੂ ਹੈ, ਗੁਰੁ ਅਮਰੁ ਤੂ ਵੀਚਾਰਿਆ ॥ ਗੁਰੁ ਡਿਠਾ ਤਾਂ ਮਨੁ ਸਾਧਾਰਿਆ ॥੭॥

ਗੁਰੂ ਰਾਮਦਾਸ ਜੀ ਦੀ ਸਿਫਤ ਵਿਚ ਉਹ ਆਖਦੇ ਹਨ, ਧੰਨ ਧੰਨ ਗੁਰੂ ਰਾਮਦਾਸ ਜੀ ਹਨ, ਜਿਨ੍ਹਾਂ ਨੂੰ ਸਿਰਜਨਹਾਰ ਨੇ ਆਪ ਬਣਾਇਆ ਤੇ ਫੇਰ ਸਵਾਰਿਆ (ਵਡਿਆਈ ਬਖਸ਼ੀ) ਹੈ। ਇਹ ਇਕ ਭਾਰੀ ਕਰਾਮਾਤ ਹੈ ਕਿ ਨਿਰੰਕਾਰ ਨੇ ਉਨ੍ਹਾਂ ਵਿਚ ਆ ਕੇ ਆਪਣਾ ਰੂਪ ਧਾਰ ਲਿਆ ਹੈ।

ਏਹੋ ਕਾਰਨ ਸੀ ਕਿ ਸਿੱਖ ਸੰਗਤਾਂ ਨੇ ਆਪ ਨੂੰ ਪਾਰਬ੍ਰਹਮ ਦਾ ਰੂਪ ਜਾਣ

ਕੇ ਨਮਸ਼ਕਾਰਾਂ ਕੀਤੀਆਂ ਤੇ ਮਨੋਂ ਕਾਮਨਾਵਾਂ ਪ੍ਰਾਪਤ ਕੀਤੀਆਂ।

ਗੁਰੂ ਰਾਮਦਾਸ ਜੀ ਦੀ ਮਹਿਮਾ ਦਾ ਕਥਨ ਕਰਦੇ ਹੋਏ ਸੱਤਾ ਬਲਵੰਡ ਜੀ ਆਖਦੇ ਹਨ ਕਿ ਉਹ ਇਤਨੇ ਵੱਡੇ ਹਨ ਕਿ ਜਿਨ੍ਹਾਂ ਦਾ ਤੋਲਣਾ, (ਥਾਹ) ਲਾਉਣਾ ਅਸੰਭਵ ਹੈ ਤੇ ਆਪ ਦੀ ਅਟਲ ਪਦਵੀ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਜਿਨ੍ਹਾਂ ਨੇ ਆਪ ਨੂੰ ਸ਼ਰਧਾ ਨਾਲ ਭਾਉ-ਭਗਤੀ ਨਾਲ ਸੇਵਿਆ ਤੇ ਜਾਣਿਆ, ਇਨ੍ਹਾਂ ਨੂੰ ਆਪ ਦੀ ਕਿਰਪਾ ਨੇ ਸੰਸਾਰ ਭਵਜਲ ਤੋਂ ਪਾਰ ਉਤਾਰ ਦਿਤਾ, (ਦੁਖਾਂ ਕਲੇਸ਼ਾਂ ਤੋਂ ਬਚਾ ਲਿਆ) ਆਪ ਜੀ ਨੇ ਵਿਸ਼ੇ ਵਿਕਾਰਾਂ, (ਕਾਮ, ਕ੍ਰੋਧ, ਲੋਭ, ਮੋਹ) ਆਦਿਕਾਂ ਨੂੰ ਉਨ੍ਹਾਂ ਦੇ ਪ੍ਰਵਾਰ ਸਣੇ ਮਾਰ ਕੇ ਆਪਣੇ ਜੀਵਨ ਵਿਚੋਂ ਕੱਢ ਦਿੱਤਾ ਹੈ। ਹੁਣ ਇਨ੍ਹਾਂ ਦਾ ਕਿਸੇ ਕਿਸਮ ਦਾ ਉਥੇ ਕੋਈ ਪ੍ਰਭਾਵ ਨਹੀਂ ਹੈ। ਇਸ ਲਈ ਹੇ ਗੁਰੂ ਰਾਮਦਾਸ ਜੀ ! ਆਪ ਧੰਨ ਧੰਨ ਹੋ। ਤੁਹਾਡਾ ਅਸਥਾਨ (ਸ੍ਰੀ ਅੰਮ੍ਰਿਤਸਰ) ਜੀ ਤੇ ਧੰਨ ਤੇਰੀਆਂ ਸੰਗਤਾਂ, ਸੰਗਤਾਂ ਦੀਆਂ ਰੌਣਕਾਂ ਤੇ ਉਸ ਦਾ ਪਸਾਰਾ (ਜਲਵਾ) ਹੈ।

ਸੱਤਾ ਬਲਵੰਡ ਜੀ ਆਖਦੇ ਹਨ ਕਿ ਇਹ ਕਿਉਂ ਹੈ ? ਇਸੇ ਲਈ ਕਿ ਆਪ ਗੁਰੂ ਨਾਨਕ, ਗੁਰੂ ਅੰਗਦ ਤੇ ਗੁਰੂ ਅਮਰਦਾਸ ਜੀ ਦਾ ਪ੍ਰਤੱਖ ਰੂਪ ਹਨ, ਪ੍ਰਤੱਖ ਉਨ੍ਹਾਂ ਦੇ ਗੁਣਾਂ ਦੇ ਭੰਡਾਰ ਹਨ ਤੇ ਉਨ੍ਹਾਂ ਦੇ ਉਪਦੇਸ਼ਾਂ ਨੂੰ ਹੀ ਆਪ ਨੇ ਕਮਾਇਆ, ਵਰਤਿਆ ਤੇ ਵੀਚਾਰਿਆ ਹੈ ਤੇ ਸੰਗਤਾਂ ਨੂੰ ਵੀ ਇਹੀ ਉਪਦੇਸ਼ ਦਿਤਾ ਹੈ। ਹੇ ਗੁਰੂ ਰਾਮਦਾਸ ! ਤੁਹਾਡੇ ਦਰਸ਼ਨਾਂ ਨੇ ਹੀ ਸਾਡੇ ਮਨ ਦੀ ਹਾਲਤ ਬਦਲੀ ਤੇ ਸਾਨੂੰ ਸੁਧਾਰ ਦਿੱਤਾ ਹੈ।

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥ ਆਪੀਨੈ
ਆਪੁ ਸਾਜਿਓਨੁ, ਆਪੇ ਹੀ ਥੰਮ੍ਹਿ ਖਲੋਆ ॥ ਆਪੇ ਪਟੀ
ਕਲਮ ਆਪਿ, ਆਪਿ ਲਿਖਣਹਾਰਾ ਹੋਆ ॥ ਸਭ ਉਮਤਿ
ਆਵਣ ਜਾਵਣੀ ਆਪੇ ਹੀ ਨਵਾ ਨਿਰੋਆ ॥ ਤਖਤਿ ਬੈਠਾ
ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ ॥ ਉਗਵਣਹੁ
ਤੈ ਆਥਵਣਹੁ, ਚਹੁ ਚਕੀ ਕੀਅਨੁ ਲੋਆ ॥ ਜਿਨ੍ਹੀ ਗੁਰੂ
ਨ ਸੇਵਿਓ, ਮਨਮੁਖਾ ਪਇਆ ਮੋਆ ॥ ਦੂਣੀ ਚਉਣੀ
ਕਰਾਮਾਤਿ ਸਚੇ ਕਾ ਸਚਾ ਢੋਆ ॥ ਚਾਰੇ ਜਾਗੇ ਚਹੁ ਜੁਗੀ,
ਪੰਚਾਇਣੁ ਆਪੇ ਹੋਆ ॥੮॥੧॥

ਅਖੀਰ ਤੇ ਸੱਤਾ ਬਲਵੰਡ ਜੀ ਨੇ "ਚਾਰੇ ਜਾਗੇ ਚਹੁ ਜੁਗੀ" ਭਾਵ ਗੁਰੂ ਅਰਜਨ ਸਾਹਿਬ ਦੀ ਉਪਮਾ ਦਾ ਵਰਨਣ ਕਰਦਿਆਂ ਕਿਹਾ ਹੈ ਕਿ ਪ੍ਰਮੇਸ਼ਰ ਨੇ ਚਹੁ ਜੁਗਾਂ, ਭਾਵ ਚੌਹਾਂ ਸਤਿਗੁਰਾਂ ਦੇ ਸਮੇਂ ਵਿਚ ਆਪਣੀ ਜੋਤ ਦਾ ਜਲਵਾ ਚਮਕਾਇਆ ਸੀ ਉਵੇਂ ਹੀ ਹੁਣ ਪੰਜਵੇਂ ਰੂਪ ਵਿਚ ਵੀ ਜ਼ਹੂਰ ਵਿਚ ਆਇਆ ਹੈ। ਪ੍ਰਮੇਸ਼ਰ ਨੇ ਆਪ ਹੀ ਉਨ੍ਹਾਂ ਨੂੰ ਸਾਜਿਆ ਤੇ ਆਪ ਹੀ ਆਸਰਾ ਰੂਪ ਹੋ ਕੇ ਕਾਇਮ ਕਰ ਦਿਤਾ ਹੈ, ਕਿਉਂਕਿ ਵਾਹਿਗੁਰੂ ਆਪੇ ਹੀ ਪੱਟੀ ਹੈ, ਤੇ ਕਿਸਮਤ ਦੇ ਲੇਖ ਲਿਖਣ ਵਾਲਾ ਵੀ ਆਪ ਤੇ ਆਪ ਹੀ ਲੇਖਾਂ ਦਾ ਭੁਗਤਾ ਤੇ ਲੇਖਾਂ ਦਾ ਲਿਖਣ ਵਾਲਾ ਬਣਿਆ ਹੈ ਤੇ ਨਿਤ ਨਵੇਂ ਤੋਂ ਨਵਾਂ ਕੌਤਕੀ ਬਣ ਕੇ, ਨਵੇਂ ਨਰੋਏ ਰੂਪ ਵਿਚ ਪ੍ਰਗਟ ਹੋ ਰਿਹਾ ਹੈ ਤੇ ਸਭ ਸੰਗਤਾਂ ਆਉਂਦੀਆਂ ਜਾਂਦੀਆਂ ਦਰਸ਼ਨ ਕਰ ਕਰ ਨਿਹਾਲ ਹੁੰਦੀਆਂ ਹਨ। ਐਸੇ ਗੁਰੂ ਅਰਜਨ ਦੇਵ ਜੀ ਤਖਤ ਤੇ ਬੈਠੇ ਸੁਭਾਇਮਾਨ ਹੋ ਰਹੇ ਹਨ, ਜਿਨ੍ਹਾਂ ਦੇ ਸਿਰ ਤੇ ਚੰਦੋਆ (ਗੁਰਤਾ ਦਾ ਛਤਰ) ਝੂਲ ਰਿਹਾ ਹੈ ਤੇ ਜਿਸ ਦੀ ਚਮਕ ਨੇ ਚੜ੍ਹਦੇ ਤੋਂ ਲਹਿੰਦੇ ਤਕ ਚਾਰੇ ਪਾਸੇ ਚਾਨਣ ਕੀਤਾ ਹੋਇਆ ਹੈ। ਸੋ ਐਸੇ ਗੁਣਾਂ ਵਾਲੇ ਗੁਰੂ ਨੂੰ ਜਿਨ੍ਹਾਂ ਨੇ ਆਰਾਧਿਆ ਨਹੀਂ, ਚਿੰਤਨ ਨਹੀਂ ਕੀਤਾ, ਉਨ੍ਹਾਂ ਤੇ ਮੁਰਦਿਹਾਣ ਹੀ ਛਾਈ ਰਹਿੰਦੀ ਹੈ। ਹੇ ਗੁਰੂ ਅਰਜਨ ਸਾਹਿਬ ਜੀਓ, ਤੁਹਾਡੀ ਦੂਣੀ ਚੌਣੀ ਕਰਾਮਾਤ ਜ਼ਾਹਰ ਤੇ ਜਹੂਰ ਹੈ ਕਿਉਂਕਿ ਸੱਚੇ ਨੇ ਆਪ ਨੂੰ ਸੱਚ ਦਾ ਢੋਆ (ਸੁਗਾਤ) ਹੀ ਬਖਸ਼ਿਆ ਹੈ। ਜਿਵੇਂ ਚਾਰੇ ਸਤਿਗੁਰੂ ਚੌਹ ਜੁਗਾਂ (ਸਮਿਆਂ) ਵਿਚ ਵਾਹਿਗੁਰੂ ਦੀ ਬਖਸ਼ੀ ਚਮਕ ਨਾਲ ਚਮਕੇ, ਇਵੇਂ ਹੀ ਹੁਣ ਪੰਜਵੀਂ ਥਾਂ ਆਪ ਵਾਹਿਗੁਰੂ ਦੀ ਚਮਕ ਨਾਲ ਚਮਕ ਰਹੇ ਹੋ।

ਭਾਈ ਮੰਝ ਜੀ ਨੇ ਸੱਤੇ ਬਲਵੰਡ ਦੀ ਵਾਰਤਾ ਤੋਂ ਬੜਾ ਵੱਡਾ ਸਿੱਖੀ ਦਾ ਸਬਕ ਧਾਰਨ ਕੀਤਾ ਤੇ ਫੇਰ ਮੰਡੀ ਦੇ ਰਾਜੇ ਦੀ ਵਾਰਤਾ ਦੇਖੀ, ਜਿਸ ਨੇ ਮਰ ਕੇ ਅਗਲੇ ਜਨਮ ਵਿਚ ਸਾਂਸੀ ਬਣਨਾ ਸੀ, ਪਰ ਗੁਰੂ ਦਰਸ਼ਨਾਂ ਦੇ ਕਾਰਨ ਉਸ ਦਾ ਉਹ ਜਨਮ ਇਕ ਰਾਤ, ਸੁਫਨੇ ਵਿਚ ਹੀ ਗੁਜ਼ਰ ਗਿਆ ਲਿਖਿਆ ਲੇਖ ਤਾਂ ਨਾ ਮਿਟਿਆ ਪਰ ਗੁਰੂ ਦਰਸ਼ਨਾਂ ਦੀ ਤੁਫੈਲ, ਬਿਨਾਂ ਦੁਖ ਉਠਾਇ, ਬਿਨਾਂ ਜਨਮੇ ਤੇ ਮਰੇ ਉਹ ਜਨਮ ਬੀਤ ਜਾਣਾ ਕੋਈ ਮਾਮੂਲੀ ਗੱਲ ਨਹੀਂ ਸੀ ਤੇ ਫੇਰ ਪ੍ਰਤੱਖ ਉਸ ਦੇ ਜਨਮ ਦਾ ਪ੍ਰਵਾਰ ਸਭ ਨੇ ਵੇਖਣਾ, ਇਹ ਸਭ ਅਸਚਰਜ ਕੌਤਕ ਸੀ ਤੇ ਸੱਤੇ ਬਲਵੰਡ ਜੀ ਦੇ ਕਥਨ ਦਾ ਪ੍ਰਤੱਖ ਨਮੂਨਾ ਸੀ। ਜੋ ਸਭ ਸਿੱਖਾਂ ਤੇ ਭਾਈ ਮੰਝ ਨੇ ਵੀ ਵੇਖਿਆ ਤੇ ਸੁਣਿਆ।

੧੪

ਭਾਈ ਮੰਝ ਜੀ ਬੜੇ ਕਠਨ ਤਪੱਸਿਆ ਕਰ ਕਰਕੇ ਹੁਣ ਪੂਰਨ ਮਹਾਤਮਾ ਤੇ ਸੰਤ ਦੀ ਪਦਵੀ ਤਕ ਪਹੁੰਚ ਚੁਕੇ ਸਨ, ਮਨ ਬਚ ਕ੍ਰਮ ਕਰਕੇ, ਆਪਣੀਆਂ ਇੰਦਰੀਆਂ ਨੂੰ ਕਾਬੂ ਕਰਕੇ, ਵਡੇ ਸਿੱਖਾਂ ਦੀ ਗਿਣਤੀ ਵਿੱਚ ਦਾਖਲ ਹੋ ਚੁੱਕੇ ਸਨ ਤੇ ਇਹ ਸਭ ਗੁਰੂ ਅਰਜਨ ਸਾਹਿਬ ਦੀ ਮਹਾਨ ਕਿਰਪਾ ਦਾ ਹੀ ਇਕ ਚਮਤਕਾਰ ਸੀ। ਸੋਨੇ ਨੂੰ ਜਿੰਨੀ ਅੱਗ ਦਿੱਤੀ ਜਾਏ, ਉਨਾਂ ਹੀ ਸ਼ੁੱਧ ਹੁੰਦਾ ਚਲਾ ਜਾਂਦਾ ਹੈ, ਇਸੇ ਤਰ੍ਹਾਂ ਪ੍ਰੀਖਿਆ ਪਾਸ ਕਰਕੇ, ਪੂਰਨ ਮਨੁੱਖ ਬਣਨ ਤੇ ਫਿਰ ਜਨਮ ਨੂੰ ਸਫਲਾ ਕਰਨ ਵਾਲਿਆਂ ਦੀ ਗੱਲ ਹੈ।

ਇਕ ਦਿਨ ਭਾਈ ਮੰਝ ਜੀ ਸਵੇਰੇ ਦੀਵਾਨ ਵਿੱਚ ਹਾਜ਼ਰੀ ਭਰਕੇ ਉਠੇ ਤੇ ਬਾਹਰ ਲੱਕੜਾਂ ਲੈਣ ਲਈ ਚੱਲ ਪਏ। ਬੱਦਲ ਵੀ ਇਸ ਵੇਲੇ ਬੜਾ ਸੀ, ਪਰ ਨਾਲ ਹੀ ਹਨੇਰੀ ਦਾ ਰੰਗ ਵੀ ਬੜਾ ਸੀ, ਪਰ ਆਪ ਇਸ ਗੱਲ ਤੋਂ ਡਰਕੇ ਠਹਿਰੇ ਨਹੀਂ ਕਿਉਂਕਿ ਨੇਮ ਨੂੰ ਪੂਰਾ ਕਰਨਾ, ਲੱਕੜਾਂ ਇਕੱਠੀਆਂ ਕਰਕੇ ਲੰਗਰ ਵਿਚ ਲਿਆਉਣੀਆਂ, ਇਹ ਉਨ੍ਹਾਂ ਦੇ ਜੀਵਨ ਦਾ ਮੁੱਖ ਨੇਮ ਬਣ ਚੁੱਕਾ ਸੀ। ਸੋ ਆਪ ਤੁਰੇ ਗਏ ਤੇ ਚਾਟੀਵਿੰਡ ਵਾਲੇ ਪਾਸੇ ਬਾਹਰ ਨਿਕਲ ਗਏ।

ਭਾਰੀ ਹਨੇਰੀ ਚੱਲਣ ਲੱਗ ਪਈ, ਆਪ ਹੌਲੀ ਹੌਲੀ ਲੱਕੜਾਂ ਇਕੱਠੀਆਂ ਕਰਦੇ ਰਹੇ, ਆਪ ਮਣ ਦੋ ਮਣ ਦੀ ਪੰਡ ਤੋਂ ਘਟ ਨਹੀਂ ਬਣਾਇਆ ਕਰਦੇ ਸਨ ਤੇ ਏਨਾ ਭਾਰ ਉਹ ਆਸਾਨੀ ਨਾਲ ਚੁੱਕ ਕੇ ਲੰਗਰ ਵਿਚ ਪੁਜ ਜਾਇਆ ਕਰਦੇ ਸਨ, ਪਰ ਅੱਜ ਜਿਉਂ ਜਿਉਂ ਲੱਕੜਾਂ ਇਕੱਠੀਆਂ ਕਰ ਰਹੇ ਸਨ, ਹਨੇਰੀ ਦਾ ਰੂਪ ਪ੍ਰਚੰਡ ਹੁੰਦਾ ਜਾ ਰਿਹਾ ਸੀ, ਘੱਟਾ ਮਿੱਟੀ ਏਨਾ ਉਡ ਕੇ ਆਕਾਸ਼ ਨੂੰ ਚੜ੍ਹ ਗਿਆ ਕਿ ਚਾਨਣ ਦੀ ਥਾਂ ਦਿਨ ਵੇਲੇ ਹਨੇਰਾ ਜਿਹਾ ਹੋ ਗਿਆ ਤੇ ਜੋ ਥੋੜਾ ਕੁਝ ਚਾਨਣਾ ਹੈ ਵੀ ਸੀ, ਤਾਂ ਹਨੇਰੀ ਦੀ ਚਾਲ ਤੋਂ ਘੱਟਾ ਮਿੱਟੀ ਅੱਖਾਂ ਵਿੱਚ ਪੈ ਕੇ ਦਿਸਣੋਂ ਮੁਸ਼ਕਲ ਹੋ ਰਿਹਾ ਸੀ, ਪਰ ਨੇਮ ਦੇ ਪੱਕੇ ਭਾਈ ਮੰਝ ਜੀ ਰੁਕੇ ਨਹੀਂ। ਉਨ੍ਹਾਂ ਨੇ ਪੰਡ ਬੱਧੀ ਤੇ ਸਿਰ ਤੇ ਚੁਕ ਕੇ ਰੱਖ ਲਈ। ਪੰਡ ਨੂੰ ਉਹ ਉਚੀ ਥਾਂ ਤੇ ਰੱਖ ਕੇ ਬੰਨ੍ਹਿਆ ਕਰਦੇ ਸਨ ਕਿ ਜਿਥੋਂ ਪੰਡ ਇਕੱਲਿਆਂ

ਆਸਾਨੀ ਨਾਲ ਹੀ ਚੁੱਕੀ ਜਾ ਸਕੇ, ਕਿਉਂਕਿ ਕਿਸੇ ਵੇਲੇ ਤਾਂ ਕੋਈ ਬੰਦਾ ਚੁਕਾਉਣ ਵਾਲਾ ਮਿਲ ਜਾਂਦਾ ਸੀ; ਪਰ ਕਿਸੇ ਵੇਲੇ ਨਹੀਂ ਵੀ ਮਿਲਦਾ ਸੀ। ਸੋ ਇਸ ਗੱਲ ਦਾ ਉਨ੍ਹਾਂ ਨੂੰ ਹੌਲੀ ਹੌਲੀ ਤਜਰਬਾ ਹੋ ਚੁਕਿਆ ਸੀ ਕਿ ਉਹ ਲੱਕੜਾਂ ਨੂੰ ਇਕੱਲਿਆਂ ਹੀ ਆਸਾਨੀ ਨਾਲ ਚੁਕ ਸਕਣ। ਪਰ ਅੱਜ ਤਾਂ ਓੜਕਾਂ ਦੀ ਹਨੇਰੀ ਚੱਲ ਰਹੀ ਸੀ, ਤੇ ਹਵਾ ਵੱਡੀਆਂ ਚੀਜ਼ਾਂ ਨੂੰ ਉਡਾ ਉਡਾ ਕੇ ਦੂਰ ਦੂਰ ਸੁਟੀ ਜਾ ਰਹੀ ਸੀ; ਦਰਖਤ ਪੁਟੇ ਜਾ ਰਹੇ ਸਨ ਤੇ ਦੂਰ ਦੂਰ ਤਕ ਬੜੀ ਹੀ ਅਵਾਜ਼ ਹਨੇਰੀ ਦੀ ਆ ਰਹੀ ਸੀ, ਪਰ ਭਾਈ ਮੰਝ ਨੇ ਵਾਹਿਗੁਰੂ ਆਖ ਕੇ ਅਡੋਲ ਹੀ ਲੱਕੜਾਂ ਦੀ ਪੰਡ ਚੁਕੀ ਤੇ ਅੰਮ੍ਰਿਤਸਰ ਵਲ ਤੁਰ ਪਏ।

ਅੱਜ ਜਿਥੇ ਭਾਈ ਮੰਝ ਦਾ ਖੂਹ ਹੈ, ਤੇ ਜਿਸ ਦੀ ਸੇਵਾ ਸੰਤ ਭੂਰੀ ਵਾਲੇ ਕਰਵਾ ਚੁਕੇ ਹਨ, ਏਥੇ ਉਸ ਸਮੇਂ ਇਹ ਖੂਹ ਇਕ ਖਡੱਲ ਦੀ ਸ਼ਕਲ ਦਾ ਸੀ। ਬਹੁਤਾ ਡੂੰਘਾ ਨਹੀਂ, ਪਾਣੀ ਕੇਵਲ ਚਾਰ ਪੰਜ ਫੁਟ ਹੀ ਹੋਵੇਗਾ, ਪਰ ਇਹ ਪਾਣੀ ਉਪਰੋਂ ਦਸ ਕੁ ਫੁਟ ਦੀ ਦੂਰੀ ਤੇ ਸੀ ਤੇ ਉਪਰੋਂ ਕੰਢਾ ਆਦਿਕ ਵੀ ਇਸ ਦਾ ਕੋਈ ਨਹੀਂ ਸੀ। ਸੋ ਭਾਈ ਮੰਝ ਜੀ ਚਾਟੀਵਿੰਟ ਵਲੋਂ ਤੁਰੇ ਹੀ ਸਨ ਕਿ ਥੋੜ੍ਹੀ ਹੀ ਦੂਰ ਜਿਥੋਂ ਰਸਤਾ ਸੁਲਤਾਨਵਿੰਡ ਨੂੰ ਵੀ ਜਾਂਦਾ ਸੀ, ਇਹ ਖੂਹ ਉਥੇ ਸੀ। ਭਾਈ ਮੰਝ ਜੀ ਹਵਾ ਦੇ ਝਕੋਲਿਆਂ ਤੋਂ ਬਚਦੇ, ਪੰਡ ਨੂੰ ਸੰਭਾਲਦੇ ਮਸਾਂ ਹੀ ਤੁਰੇ ਆ ਰਹੇ ਸਨ ਕਿ ਹਨੇਰੀ ਨਾਲ ਉਡੇ ਘੱਟੇ ਮਿੱਟੀ ਨੇ ਅੱਖਾਂ ਨੂੰ ਵੀ ਕਈ ਵਾਰ ਬੰਦ ਕਰ ਦਿਤਾ, ਭਾਈ ਮੰਝ ਜੀ ਤੁਰੇ ਆਏ ਪਰ ਏਥੇ ਆਕੇ ਖੂਹ ਦੇ ਕਿਨਾਰੇ ਤੋਂ ਪੈਰ ਫਿਸਲ ਗਿਆ, ਤੇ ਵਿਚ ਡਿੱਗ ਪਏ। ਥੱਲੇ ਪਾਣੀ ਸੀ, ਪਰ ਧੰਨ ਭਾਈ ਮੰਝ, ਉਸ ਨੇ ਸਿਰ ਦੀ ਪੰਡ ਨੂੰ ਨਹੀਂ ਡਿੱਗਣ ਦਿਤਾ, ਉਸ ਨੂੰ ਡਿੱਗਦਿਆਂ ਹੀ ਐਸਾ ਸੰਭਾਲਿਆ ਕਿ ਸਿਰ ਤੋਂ ਥੱਲੇ ਨਹੀਂ ਡਿੱਗਣ ਦਿਤਾ, ਪਾਣੀ ਵਿਚ ਡਿੱਗਣ ਤੋਂ ਲੱਕੜਾਂ ਨੂੰ ਬਚਾ ਲਿਆ, ਪਰ ਹੁਣ ਬਾਹਰ ਨਿਕਲਣਾ ਤੇ ਲੱਕੜਾਂ ਨੂੰ ਪੁਚਾਉਣਾ ਔਖਾ ਕੰਮ ਬਣ ਗਿਆ ਸੀ।

ਭਾਈ ਮੰਝ ਜੀ, ਸਿਰ ਤੇ ਪੰਡ ਚੁਕੀ ਖੂਹ ਵਿਚ ਹੀ ਖੜੇ ਰਹੇ ਤੇ ਮਨ ਹੀ ਮਨ ਵਿਚ ਗੁਰੂ ਜੀ ਨੂੰ ਯਾਦ ਕਰਨ ਲਗੇ ਤੇ ਸੋਚਾਂ ਆ ਗਈਆਂ ਕਿ ਅੱਜ ਨੇਮ ਭੰਗ ਨਾ ਹੋ ਜਾਵੇ, ਪਰ ਹੁਣ ਕਰ ਵੀ ਕੀ ਸਕਦਾ ਹਾਂ। ਜੇ ਨੇਮ ਭੰਗ ਹੋ ਗਿਆ ਤਾਂ ਖਬਰੇ ਸਿੱਖੀ ਹੀ ਨਾ ਪ੍ਰਾਪਤ ਹੋਵੇ, ਇਸ ਖਿਆਲ ਨੇ ਭਾਈ ਮੰਝ ਦੇ ਮਨ ਨੂੰ ਇਕ ਵਾਰ ਹਿਲਾ ਕੇ ਰੱਖ ਦਿਤਾ, ਪਰ ਦ੍ਰਿੜ੍ਹਤਾ ਤੇ ਸਬਰ

ਸੰਤੋਖ ਨੇ ਉਸੇ ਵੇਲੇ ਧੀਰਜ ਤੇ ਹੌਂਸਲਾ ਬਨ੍ਹਾ ਦਿਤਾ ਕਿ ਮੇਰਾ ਸਤਿਗੁਰੂ ਬੜਾ ਦਿਆਲੂ ਹੈ, ਕ੍ਰਿਪਾਲੂ ਹੈ, ਉਹ ਇਕਤਿਹਾਨ ਲੈਂਦਾ ਹੈ, ਪਰ ਨਾਲ ਹੀ ਇਮਤਿਹਾਨ ਦੇਣ ਦੀ ਸ਼ਕਤੀ ਵੀ ਬਖਸ਼ ਦਿੰਦਾ ਹੈ।

ਇਉਂ ਵਿਚਾਰਾਂ ਕਰਦਿਆਂ ਤੇ ਸਤਿਗੁਰੂ ਜੀ ਦਾ ਧਿਆਨ ਧਰਦਿਆਂ ਘੰਟਾ ਕੁ ਬੀਤ ਗਿਆ। ਏਨੇ ਨੂੰ ਹਨੇਰੀ ਕੁਝ ਘਟ ਗਈ ਤੇ ਖੇਤਾਂ ਵਿਚ ਕੰਮ ਕਰਨ ਵਾਲੇ ਲੋਕ ਬਾਹਰ ਨਿਕਲ ਆਏ। ਠੀਕ ਇਸੇ ਸਮੇਂ ਇਕ ਜ਼ਿਮੀਂਦਾਰ ਏਸ ਬੰਨਿਓਂ ਲੰਘਿਆ ਤਾਂ ਉਸ ਨੂੰ ਖੂਹ ਵਿਚੋਂ "ਸਤਿਨਾਮ-ਵਾਹਿਗੁਰੂ" ਦੀ ਆਵਾਜ਼ ਆਉਂਦੀ ਸੁਣਾਈ ਦਿੱਤੀ। ਉਸ ਨੇ ਅਗੇ ਹੋ ਕੇ ਵੇਖਿਆ, ਸਿਰ ਤੇ ਪੰਡ ਚੁੱਕੀ ਆਦਮੀ ਖੜ੍ਹਾ ਨਜ਼ਰ ਆਇਆ। ਉਸ ਨੇ ਪੁਛਿਆ, 'ਤੂੰ ਕੌਣ ਹੈਂ ?"

"ਮੈਂ ਗੁਰੂ ਦਾ ਸਿੱਖ ਹਾਂ, ਲੱਕੜਾਂ ਲਿਜਾ ਰਿਹਾ ਸਾਂ, ਪਰ ਹਨੇਰੀ ਨੇ ਖੂਹ ਵਿਚ ਸੁਟ ਦਿਤਾ ਹੈ।"

"ਲੱਕੜਾਂ ਨੂੰ ਥੱਲੇ ਰੱਖ ਦੇ, ਭਾਰ ਕਿਉਂ ਚੁਕਿਆ ਹੋਇਆ ਈ ?"

"ਲੱਕੜਾਂ ਗਿੱਲੀਆਂ ਹੋ ਜਾਣਗੀਆਂ।"

"ਗਿੱਲੀਆਂ ਲੱਕੜੀਆਂ ਨੇ ਫੇਰ ਬਲਣਾ ਨਹੀਂ, ਤੇ ਮੇਰਾ ਨੇਮ ਭੰਗ ਹੋ ਜਾਏਗਾ।"

"ਤੇ ਏਥੇ ਕਿੰਨਾ ਕੁ ਚਿਰ ਖੜ੍ਹਾ ਰਹੇਂਗਾ ?"

"ਜਿੰਨਾ ਚਿਰ ਪਹਿਲੇ ਕੋਈ ਲੱਕੜਾਂ ਨਾ ਬਾਹਰ ਕੱਢੇ।"

"ਪਰ ਇਹ ਕੰਮ ਇਕੱਲੇ ਆਦਮੀ ਦਾ ਨਹੀਂ, ਦੋ ਚਾਰ ਜਣੇ ਹੋਣ, ਤਾਂ, ਲੱਕੜਾਂ ਨਿਕਲ ਸਕਦੀਆਂ ਹਨ। ਪਰ ਤੂੰ ਇਸ ਪੰਡ ਨੂੰ ਗਿੱਲੀ ਹੋ ਜਾਣ ਦੇ, ਥੱਲੇ ਰੱਖ ਦੇ, ਤੇ ਹੌਲੀ ਹੌਲੀ ਕਰਕੇ, ਲੱਕੜ ਮੈਨੂੰ ਫੜਾਈ ਜਾਹ, ਮੈਂ ਫੜ ਲੈਂਦਾ ਹਾਂ, ਫੇਰ ਤੂੰ ਵੀ ਬਾਹਰ ਨਿਕਲ ਆਵੀਂ, ਤੇ ਜਿਧਰ ਜਾਣਾ ਹੈ ਚਲਾ ਜਾਵੀਂ !"

"ਨਹੀਂ, ਮੈਂ ਲੱਕੜਾਂ ਗਿੱਲੀਆਂ ਕਰ ਕੇ ਬਾਹਰ ਨਹੀਂ ਨਿਕਲਣਾ ਚਾਹੁੰਦਾ।"

"ਇਹ ਅਜੀਬ ਆਦਮੀ ਹੈ।" ਜ਼ਿਮੀਦਾਰ ਨੇ ਦਿਲ ਵਿਚ ਕਿਹਾ ਤੇ ਖੂਹ ਤੋਂ ਲਾਂਭੇ ਹੋ ਗਿਆ। ਪਰ ਉਸ ਦੇ ਮਨ ਵਿਚ ਖਲਬਲੀ ਮਚ ਗਈ ਕਿ ਇਸ

ਨੂੰ ਬਾਹਰ ਕੱਢਣਾ ਚਾਹੀਦਾ ਹੈ, ਏਥੇ ਖਲੋਤਾ ਤਾਂ ਇਹ ਰਾਤ ਤਕ ਵੀ ਬਾਹਰ ਨਹੀਂ ਨਿਕਲਣ ਲੱਗਾ, ਏਸ ਨੇ ਹਠ ਨਹੀਂ ਹਾਰਨਾ, ਤੇ ਪਤਾ ਨਹੀਂ ਫੇਰ ਕੀ ਬਣੇ ?"

ਉਹ ਇਨ੍ਹਾਂ ਸੋਚਾਂ ਵਿਚ ਪਿੰਡ ਵਲ ਗਿਆ, ਪਰ ਉਸ ਦੇ ਪੈਰ ਅਗੇ ਨੂੰ ਨਹੀਂ ਤੁਰਦੇ ਸਨ। ਏਨੇ ਚਿਰ ਨੂੰ ਉਸ ਨੂੰ ਅਗੋਂ ਇਕ ਘੋੜੀ ਤੇ ਚੜ੍ਹਿਆ ਆਉਂਦਾ ਬੰਦਾ ਮਿਲ ਪਿਆ।

"ਤੂੰ ਕਿਧਰ ਚੱਲਿਆ ਹੈਂ ?"

"ਅੰਮ੍ਰਿਤਸਰ।"

"ਜੇ ਇਕ ਕੰਮ ਕਰੇਂ ਤਾਂ ਬੜਾ ਹੀ ਚੰਗਾ ਹੈ।"

"ਓਥੇ ਕਿਸੇ ਸਿੱਖ ਨੂੰ ਕਹਿ ਦੇਈਂ ਉਹ ਆਪੇ ਅਗੋਂ ਖਬਰ ਦੇ ਦੇਣਗੇ।"

"ਕੀ ਖਬਰ।"

"ਔਹ ਸਾਹਮਣੇ ਜੇਹੜਾ ਖੂਹ ਹੈ, ਉਸ ਵਿਚ ਇਕ ਸਿੱਖ ਡਿੱਗ ਪਿਆ ਹੈ, ਪਰ ਉਹ ਏਨਾ ਸਿਰੜੀ ਹੈ ਕਿ ਸਿਰ ਤੇ ਲੱਕੜਾਂ ਚੁੱਕੀ ਖੜਾ ਹੈ, ਮੈਂ ਬਥੇਰਾ ਆਖਿਆ ਹੈ, ਪਰ ਉਹ ਮੰਨਦਾ ਹੀ ਨਹੀਂ। ਉਹ ਕਹਿੰਦਾ ਹੈ, ਲੱਕੜਾਂ ਗਿੱਲੀਆਂ ਹੋ ਜਾਣਗੀਆਂ। ਇਹ ਗੁਰੂ ਕੇ ਲੰਗਰ ਦੀਆਂ ਲੱਕੜਾਂ ਹਨ, ਫਿਰ ਅੱਜ ਬਲਣਗੀਆਂ ਨਹੀਂ, ਤੇ ਜੇ ਅੱਜ ਮੈਂ ਲੱਕੜਾਂ ਲੰਗਰ ਵਿਚ ਨਾ ਦਿੱਤੀਆਂ ਤਾਂ ਮੇਰਾ ਨੇਮ ਭੰਗ ਹੋ ਜਾਵੇਗਾ।"

ਉਹ ਘੋੜੀ ਵਾਲਾ ਵੀ ਸੁਣ ਕੇ ਹੈਰਾਨ ਹੋ ਗਿਆ, ਤੇ ਉਸ ਨੇ ਖੂਹ ਦੇ ਕੋਲ ਆ ਕੇ ਭਾਈ ਮੰਝ ਨੂੰ ਬਥੇਰਾ ਆਖਿਆ ਕਿ ਤੂੰ ਬਾਹਰ ਨਿਕਲ ਆ ਤੇ ਪੰਡ ਨੂੰ ਥੱਲੇ ਸੁਟ ਦੇਹ, ਪਰ ਭਾਈ ਮੰਝ ਮੰਨਿਆ ਨਾ।

ਘੋੜੀ ਵਾਲਾ ਹੁਣ ਠਹਿਰ ਨਾ ਸਕਿਆ, ਉਸ ਨੇ ਘੋੜੀ ਨੂੰ ਸਰਪੱਟ ਦੁੜਾਇਆ ਤੇ ਅੰਮ੍ਰਿਤਸਰ ਆਣ ਪੁਜਾ। ਅਗੇ ਸੰਗਤਾਂ ਦੂਰ ਦੂਰ ਸੇਵਾ ਵਿਚ ਲੱਗੀਆਂ ਹੋਈਆਂ ਸਨ। ਉਸ ਨੇ ਇਕ ਸਿੱਖ ਨੂੰ ਬੁਲਾ ਕੇ ਸਾਰੀ ਗੱਲ ਦਸੀ, ਕਿ ਫਲਾਣੇ ਪਾਸੇ, ਖੂਹ ਵਿਚ ਇਕ ਸਿੱਖ ਡਿੱਗ ਪਿਆ ਹੈ, ਉਸ ਦੇ ਸਿਰ ਤੇ ਲੱਕੜਾਂ ਚੁੱਕੀਆਂ ਹੋਈਆਂ ਹਨ, ਤੇ ਪਤਾ ਨਹੀਂ ਕਿੰਨੇ ਕੁ ਚਿਰ ਦਾ ਖੜਾ ਹੈ। ਉਸ ਨੂੰ ਬੜਾ ਕਿਹਾ ਹੈ, ਪਰ ਉਹ ਲੱਕੜਾਂ ਦੀ ਪੰਡ ਥੱਲੇ ਨਹੀਂ ਰਖਦਾ। ਤੂੰ ਇਸ ਸਾਰੀ ਗੱਲ ਦੀ ਖਬਰ ਗੁਰੂ ਸਾਹਿਬ ਨੂੰ ਦੇ ਦੇਹ।

੧੫

ਦੁਪਹਿਰ ਦਾ ਸਮਾਂ ਹੋ ਗਿਆ ਸੀ ਕਿ ਸਿੱਖ ਨੇ ਆ ਕੇ ਕਿਹਾ, "ਮਹਾਰਾਜ! ਉਹ ਲੱਕੜਾਂ ਲਿਆਉਣ ਵਾਲਾ ਸਿੱਖ ਖੂਹ ਵਿਚ ਡਿੱਗ ਪਿਆ ਹੈ।"

"ਕਿਹੜਾ ਸਿੱਖ ?"

"ਜੀ ਉਹ ਜਿਹੜਾ ਦੁਆਬੇ ਦਾ ਹੈ ਤੇ ਰੋਜ਼ ਲੰਗਰ ਲਈ ਲੱਕੜਾਂ ਲਿਆਉਂਦਾ ਹੈ।"

"ਕਿਹੜੇ ਖੂਹ ਵਿੱਚ ?"

"ਦੂਰ ਚਾਟੀਵਿੰਡ ਦੇ ਕੋਲ।"

"ਫੇਰ ਉਹ ਨਿਕਲਿਆ ਨਹੀਂ ?"

"ਜੀ ਨਹੀਂ।"

"ਤੈਨੂੰ ਕਿਸ ਨੇ ਦੱਸਿਆ ਹੈ ?"

"ਜੀ ਇਕ ਘੋੜ ਸਵਾਰ ਆਇਆ ਸੀ, ਉਹ ਕਹਿੰਦਾ ਸੀ, ਉਸ ਨੇ ਲੱਕੜਾਂ ਦੀ ਪੰਡ ਸਿਰ ਤੇ ਚੁੱਕੀ ਹੋਈ ਹੈ।"

"ਪੰਡ ਸਿਰ ਤੇ ? ਕਿਉਂ ?"

"ਉਹ ਕਹਿੰਦਾ ਹੈ ਲੱਕੜਾਂ ਭਿੱਜ ਜਾਣਗੀਆਂ।"

"ਹੈਂ, ਮੇਰਾ ਸਿੱਖ, ਏਨਾ ਸਿਦਕੀ......।" ਆਖ ਕੇ ਸਤਿਗੁਰੂ ਜੀ ਉਸੇ ਵੇਲੇ ਉਠੇ ਤੇ ਏਨੀ ਕਾਹਲ ਕੀਤੀ ਕਿ ਪੈਰੀਂ ਜੋੜਾ ਵੀ ਨਾ ਪਾਇਆ। ਪਿਛੇ ਸਿੱਖਾਂ ਨੂੰ ਛੇਤੀ ਨਾਲ ਆਉਣ ਲਈ ਕਿਹਾ ਤੇ ਰੱਸੇ ਆਦਿਕ ਦਾ ਸੁਨੇਹਾ ਵੀ ਦੇ ਗਏ ਕਿ ਨਾਲ ਜ਼ਰੂਰ ਲੈ ਆਉਣ।

ਸਤਿਗੁਰੂ ਜੀ ਦੀਵਾਨ ਵਿਚੋਂ ਉਠ ਕੇ ਘਰ ਜਾਣ ਹੀ ਵਾਲੇ ਸਨ ਕਿ ਇਹ ਖਬਰ ਮਿਲੀ, ਖਬਰ ਮਿਲਦਿਆਂ ਹੀ ਆਪ ਤੁਰ ਪਏ। ਪਿਛੇ ਪਿਛੇ ਸਿੱਖ ਸੰਗਤਾਂ ਵੀ ਤੁਰ ਪਈਆਂ।

ਰੱਸੇ ਵੀ ਨਾਲ ਲੈ ਲਏ।

ਹਰਿਮੰਦਰ ਸਾਹਿਬ ਤੋਂ ਇਹ ਖੂਹ, ਜਿਸ ਨੂੰ ਅੱਜ ਕੱਲ "ਭਾਈ ਮੰਝ ਦਾ

ਖੂਹ" ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ, ਕੋਈ ਦੋ ਢਾਈ ਮੀਲਾਂ ਦੇ ਫਾਸਲੇ ਤੇ ਹੋਵੇਗਾ। ਗੁਰੂ ਅਰਜਨ ਦੇਵ ਜੀ ਮਹਾਰਾਜ ਨੰਗੇ ਪੈਰੀਂ ਤੁਰੇ ਤੇ ਏਨੀ ਛੇਤੀ ਤੁਰੇ ਜਾ ਰਹੇ ਸਨ ਕਿ ਪਿਛੇ ਸਿੱਖ ਭੱਜ ਦੌੜ ਕੇ ਮਸਾਂ ਹੀ ਮਿਲੇ। ੧੫-੨੦ ਮਿੰਟਾਂ ਵਿਚ ਸਤਿਗੁਰੂ ਜੀ ਖੂਹ ਤੇ ਜਾ ਪੁਜੇ ਤੇ ਵੇਖਿਓ ਨੇ ਕਿ ਭਾਈ ਮੰਝ ਉਸੇ ਤਰ੍ਹਾਂ ਹੀ ਲੱਕੜਾਂ ਦੀ ਪੰਡ ਸਿਰ ਤੇ ਚੁਕੀ ਖਲੋਤਾ ਹੈ ਤੇ ਵਾਹਿਗੁਰੂ-ਸਤਿਨਾਮ ਦੀ ਅਵਾਜ਼ ਆ ਰਹੀ ਹੈ।

"ਭਾਈ ਮੰਝ !" ਭਾਈ ਮੰਝ ਨੇ ਗੁਰੂ ਜੀ ਦੀ ਮਿੱਠੀ ਅਵਾਜ਼ ਨੂੰ ਉਸੇ ਵੇਲੇ ਹੀ ਪਛਾਣ ਲਿਆ, ਤੇ ਉਸੇ ਵੇਲੇ ਬੋਲਿਆ, "ਜੀ ਮੇਰੇ ਸਤਿਗੁਰੂ ! ਤੁਸੀਂ ਆਪ ਆਏ ਹੋ ?"

"ਅਸੀਂ ਆਪ ਆਏ ਹਾਂ।"

"ਸਿੱਖਾਂ ਨੂੰ ਭੇਜ ਦੇਂਦੇ, ਤੁਸਾਂ ਆਪ ਤਕਲੀਫ਼ ਕਿਉਂ ਕੀਤੀ ?"

"ਭਾਈ ਮੰਝ ! ਤੂੰ ਸਾਨੂੰ ਹੀ ਚੇਤੇ ਕਰ ਰਿਹਾ ਸੈਂ, ਫਿਰ ਆਉਣਾ ਪਿਆ ਹੈ।"

"ਜੀ ਸਤਿਗੁਰੂ ਜੀ ਇਹ ਤਾਂ ਠੀਕ ਹੈ, ਆਪ ਘਟਾਂ ਘਟਾਂ ਦੀ ਜਾਨਣਹਾਰ ਹੋ, ਫਿਰ ਮੇਰੀ ਅਰਦਾਸ ਨੂੰ ਕਿਉਂ ਨਾ ਸੁਣਦੇ ?"

ਭਾਈ ਮੰਝ ਕਈ ਘੰਟੇ ਤੋਂ ਪੰਡ ਚੁਕੀ ਖਲੋਤਾ ਸੀ, ਉਸ ਨੂੰ ਸਤਿਗੁਰੂ ਜੀ ਦੇ ਆਉਣ ਦੀ ਏਨੀ ਖੁਸ਼ੀ ਹੋਈ ਕਿ ਸਿਰ ਤੇ ਚੁਕੇ ਭਾਰ ਦਾ ਚੇਤਾ ਹੀ ਭੁਲ ਗਿਆ।

ਸਤਿਗੁਰੂ ਜੀ ਕਹਿਣ ਲਗੇ, "ਫਿਰ ਬਾਹਰ ਨਿਕਲ ਆ, ਲੈ ਫੜ ਰੱਸਾ।"

"ਨਹੀਂ ਮਹਾਰਾਜ, ਫਿਰ ਕੱਢਣਾ, ਪਹਿਲਾਂ ਲੱਕੜਾਂ ਦੀ ਪੰਡ ਕੱਢ ਲਵੋ ਇਹ ਗਿੱਲੀ ਨਾ ਹੋ ਜਾਵੇ।" ਭਾਈ ਮੰਝ ਨੇ ਆਪਣਾ ਸਿਦਕ ਨਹੀਂ ਹਾਰਿਆ।

ਏਨੇ ਚਿਰ ਨੂੰ ਰੱਸਿਆਂ ਵਾਲੇ ਸਿੱਖ ਵੀ ਆਣ ਪੁਜੇ ਸਨ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਿੱਖਾਂ ਨੇ ਪਹਿਲੇ ਭਾਈ ਮੰਝ ਦੇ ਸਿਰ ਤੋਂ ਲੱਕੜਾਂ ਲਾਹੀਆਂ ਤੇ ਬਾਹਰ ਕੱਢ ਲਈਆਂ। ਫੇਰ ਭਾਈ ਮੰਝ ਨੂੰ ਬਾਹਰ ਕੱਢ ਲਿਆ।

ਭਾਈ ਮੰਝ ਦੀ ਛਾਤੀ ਤਕ ਕਪੜੇ ਗਿੱਲੇ ਹੋਏ ਹੋਏ ਸਨ, ਪਰ ਸਤਿਗੁਰੂ ਜੀ ਏਨੇ ਪ੍ਰਸੰਨ ਹੋਏ ਕਿ ਉਨ੍ਹਾਂ ਨੇ ਗਿੱਲੇ ਕਪੜਿਆਂ ਦੀ ਪਰਵਾਹ ਨਾ ਕੀਤੀ ਤੇ ਘੁੱਟ ਕੇ ਗਲਵੱਕੜੀ ਵਿਚ ਲੈ ਲਿਆ।

ਤੇ ਭਾਈ ਮੰਝ ਦੇ ਹਿਰਦੇ ਵਿਚ ਪੈਦਾ ਹੋਈ ਖੁਸ਼ੀ ਤੇ ਹੁਲਾਸ ਦਾ ਕਿਵੇਂ ਬਿਆਨ ਕਰਾਂ। ਜਿਸ ਨੂੰ ਜਗਤ-ਗੁਰੂ, ਸ਼ਾਂਤ ਮਈ ਤੇ ਸ਼ਾਂਤੀ ਦੇ ਸੋਮੇ ਨੇ ਆਪ, ਆਪਣੇ ਗਲ ਨਾਲ ਲਾ ਕੇ ਸ਼ਾਂਤੀ ਬਖਸ਼ੀ। ਇਹ ਤਾਂ ਐਸੀ ਹੀ ਗੱਲ ਸੀ ਕਿ:—

ਕਹੁ ਕਬੀਰ ਗੂੰਗੈ ਗੁੜੁ ਖਾਇਆ,
ਪੂਛੇ ਤੇ ਕਿਆ ਕਹੀਐ ॥

ਗਲਵੱਕੜੀ ਵਿਚ ਕਿੰਨਾ ਚਿਰ ਘੁੱਟੀ ਰੱਖਣ ਮਗਰੋਂ, ਗੁਰੂ ਸਾਹਿਬ ਨੇ ਗਲਵੱਕੜੀ ਛੱਡੀ ਤੇ ਕਿਹਾ:—

ਮੰਝ ਪਿਆਰਾ ਗੁਰੂ ਕੋ, ਗੁਰ ਮੰਝ ਪਿਆਰਾ ॥
ਮੰਝ ਗੁਰੂ ਕਾ ਬੋਹਿਥਾ, ਜਗ ਲੰਘਣਹਾਰਾ ॥

ਜਿਨ੍ਹਾਂ ਸਿੱਖਾਂ ਨੇ ਇਹ ਨਜ਼ਾਰਾ ਵੇਖਿਆ ਉਹ ਸਤਿਗੁਰੂ ਜੀ ਦੇ ਪ੍ਰੇਮ ਤੋਂ ਬਲਿਹਾਰ ਤੇ ਕੁਰਬਾਨ ਹੋ ਗਏ। ਏਨੀ ਪ੍ਰੇਮ ਦੀ ਖਿੱਚ ਖਾਧੀ ਕਿ ਕਾਹਲ ਵਿਚ ਜੋੜਾ ਪਾਉਣਾ ਵੀ ਭੁੱਲ ਗਏ ਸਨ। ਹੁਣ ਇਥੇ ਹੀ ਪ੍ਰੇਮੀਆਂ ਨੇ ਸਤਿਗੁਰੂ ਜੀ ਦਾ ਜੋੜਾ ਲਿਆ ਹਾਜ਼ਰ ਕੀਤਾ।

ਭਾਈ ਮੰਝ ਜੀ, ਜਿਵੇਂ ਸਤਿਗੁਰੂ ਜੀ ਦੇ ਹੁਕਮ ਨਾਲ, ਅੰਮ੍ਰਿਤਸਰ ਆਏ ਤੇ ਆ ਕੇ ਸੇਵਾ ਵਿਚ ਜੁਟ ਗਏ ਸਨ, ਇਸ ਦਾ ਬਹੁਤ ਥੋੜ੍ਹੇ ਸਿੱਖਾਂ ਨੂੰ ਪਤਾ ਸੀ, ਤੇ ਫਿਰ ਜਿਵੇਂ, ਜੋ ਜੋ ਕਠਿਨਾਈਆਂ ਤੇ ਪ੍ਰੀਖਿਆਵਾਂ ਵਿਚੋਂ ਲੰਘ ਕੇ ਭਾਈ ਮੰਝ ਇਸ ਪਦਵੀ ਤੇ ਪੁਜੇ ਤੇ ਇਸ ਸੋਭਾਗਜ ਸਮੇਂ ਨੂੰ ਪ੍ਰਾਪਤ ਕੀਤਾ ਸੀ ਕਿ ਗੁਰੂ-ਪਿਤਾ ਨੇ ਗਲਵੱਕੜੀ ਵਿਚ ਲਿਆ, ਪਿਆਰ ਕੀਤਾ ਤੇ ਵਰ ਦਿੱਤਾ:—

ਮੰਝ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ ॥

ਪਰ ਹੁਣ ਜਦ ਖਾਸ ਸਿੱਖਾਂ ਨੂੰ ਭਾਈ ਮੰਝ ਦੀ ਇਸ ਕਠਨ ਘਾਲਣਾ ਤੇ ਲੜਕੀ ਨੂੰ ੧੧) ਵਿਚ ਦੇ ਕੇ ਆਉਣ ਦਾ ਪਤਾ ਲੱਗਾ, ਉਨ੍ਹਾਂ ਨੇ ਸਾਰੀਆਂ ਗੱਲਾਂ ਹੌਲੀ ਹੌਲੀ ਪ੍ਰਗਟ ਕਰ ਦਿੱਤੀਆਂ ਤਾਂ ਫਿਰ ਭਾਈ ਮੰਝ ਜੀ ਦੀ ਸ਼ੋਭਾ ਏਨੀ ਵਧੀ ਕਿ ਦੂਰੋਂ ਹੀ ਸਿਰ ਝੁਕਾਏ ਜਾਣ ਲਗੇ ਤੇ ਚਰਨ-ਧੂੜੀ ਪ੍ਰਾਪਤ ਕਰਨ ਦੇ ਯਤਨ ਕੀਤੇ ਜਾਣ ਲਗੇ, ਪਰ ਭਾਈ ਮੰਝ ਜੀ ਘਾਲ ਕਮਾਈ ਕਰਕੇ ਸਿੱਖੀ ਦੇ ਉੱਚ ਦਰਜੇ ਨੂੰ ਪ੍ਰਾਪਤ ਹੋਏ ਹਨ ਇਸ ਲਈ ਹਉਮੈ ਤੋਂ ਬਚਣ ਲਈ

ਹਮੇਸ਼ਾਂ ਹੀ ਪਹਿਲੇ ਵਾਂਗ ਬਣੇ ਰਹਿਣਾ ਚਾਹੁੰਦੇ ਸਨ ਤੇ ਸੇਵਾ ਵਰਗੀ ਉੱਚ-ਵਸਤੂ ਦਾ ਤਿਆਗ ਨਹੀਂ ਕਰਨਾ ਚਾਹੁੰਦੇ ਸਨ।

ਭਾਈ ਮੰਝ ਦਾ ਜੋ ਖੂਹ ਹੈ, ਇਥੋਂ ਗੁਰੂ ਜੀ ਫਿਰ ਸਾਰੀਆਂ ਸੰਗਤਾਂ ਸਮੇਤ, ਵਾਪਸ ਅੰਮ੍ਰਿਤਸਰ ਪੁਜੇ ਤੇ ਭਾਈ ਮੰਝ ਜੀ ਬਾਰੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਉਪਮਾ ਕੀਤੀ ਤੇ ਕਿਹਾ, "ਭਾਈ ਮੰਝ ! ਤੂੰ ਨਿਹਾਲ !"

ਹੁਣ ਭਾਈ ਮੰਝ ਹੱਥ ਜੋੜ ਕੇ ਖੜਾ ਹੋ ਗਿਆ ਤੇ ਸਿਰ ਝੁਕਾ ਦਿੱਤਾ।

"ਕੀ ਗੱਲ ? ਕੀ ਚਾਹੁੰਦੇ ਹੋ ?" ਗੁਰੂ ਜੀ ਨੇ ਭਾਈ ਮੰਝ ਜੀ ਤੋਂ ਪੁਛਿਆ।

"ਸਤਿਗੁਰੂ ਜੀ ! ਇਕ ਬੇਨਤੀ ਹੈ।"

"ਕੀ ?"

"ਜੇ ਖਿਮਾਂ ਕਰੋ ਤਾਂ ਕਹਾਂ।"

"ਨਹੀਂ, ਦੱਸੋ ਕੀ ਗੱਲ ਹੈ ?"

"ਇਹੋ ਹੀ ਬੇਨਤੀ ਹੈ ਕਿ ਸਿੱਖ ਨੂੰ ਏਨੀ ਕਰੜੀ ਪ੍ਰੀਖਿਆ ਵਿਚ ਨਾ ਪਾਇਆ ਕਰੋ।"

"ਕਿਉਂ, ਕੀ ਗੱਲ ਹੈ ?"

"ਮਹਾਰਾਜ ! ਕਲਜੁਗੀ ਜੀਵਾਂ ਵਿਚ ਏਨਾ ਸੇਕ ਸਹਿਣ ਦੀ ਸਮਰੱਥਾ ਨਹੀਂ।"

"ਤੂੰ ਕਿਵੇਂ ਸਹਿ ਲਿਆ ?"

"ਮਹਾਰਾਜ ! ਮੇਰੀ ਹਿੰਮਤ ਜਾਂ ਹੌਂਸਲੇ ਦੀ ਗੱਲ ਹੁੰਦੀ ਤਾਂ ਮੈਂ ਕੁਝ ਵੀ ਨਹੀਂ ਸਾਂ ਕਰ ਸਕਦਾ, ਪਰ ਇਹ ਸਭ ਕੁਝ ਆਪ ਦੀ ਹੀ ਕਿਰਪਾ ਹੈ।"

"ਫਿਰ ਗੱਲ ਕੀ ਹੋਈ ?"

"ਸਤਿਗੁਰੂ ਜੀ" ਦਿਲ ਵਿਚ ਖਿਆਲ ਪੈਦਾ ਹੋਇਆ ਸੀ, ਤੇ ਪਤਾ ਨਹੀਂ ਕਿਉਂ ਪੈਦਾ ਹੋਇਆ ? ਸੋ ਬੇਨਤੀ ਕਰ ਦਿੱਤੀ ਹੈ। ਪਾਤਸ਼ਾਹ ! ਤੁਸੀਂ ਸਿੱਖੀ ਦੇ ਮਾਲਕ ਹੋ, ਜਿਵੇਂ ਸਿੱਖੀ ਨੂੰ ਢਾਲ ਦਿਓ, ਸੇਵਾ ਦੀ ਲਗਨ ਲਾ ਦਿਓ, ਜਾਂ ਮਰ-ਜੀਵੜੇ ਹੀ ਬਣਾ ਦਿਓ, ਇਹ ਤਾਂ ਸਭ ਆਪ ਦੀ ਹੀ ਕਿਰਪਾ ਹੈ। ਇਹ ਆਖ ਕੇ ਉਸ ਨੇ ਪੰਜਵੇਂ ਪਾਤਸ਼ਾਹ ਦਾ ਇਹ ਸ਼ਬਦ ਬੜੇ ਪ੍ਰੇਮ ਨਾਲ ਪੜ੍ਹਿਆ:—

ਸੋਈ ਕਰਾਇ ਜੋ ਤੁਧੁ ਭਾਵੈ ॥ ਮੋਹਿ ਸਿਆਣਪ ਕਛੂ ਨ

ਆਵੈ ॥ ਹਮ ਬਾਰਿਕ ਤਉ ਸਰਣਾਈ ॥ ਪ੍ਰਭਿ ਆਪੇ ਪੈਜ ਰਖਾਈ ॥੧॥ ਮੇਰਾ ਮਾਤ ਪਿਤਾ ਹਰਿ ਰਾਇਆ ॥ ਕਰਿ ਕਿਰਪਾ ਪ੍ਰਤਿਪਾਲਣ ਲਾਗਾ ਕਰੀ ਤੇਰਾ ਕਰਾਇਆ ॥ ਰਹਾਉ॥ ਜੀਅ ਜੰਤ ਤੇਰੇ ਧਾਰੇ ॥ ਪ੍ਰਭ ਡੋਰੀ ਹਾਥਿ ਤੁਮਾਰੇ ॥ ਜਿ ਕਰਾਵੈ ਸੋ ਕਰਣਾ ॥ ਨਾਨਕ ਦਾਸ ਤੇਰੀ ਸਰਣਾ ॥੨॥੭॥੭੧॥

(ਸੋਰਠਿ ਮਹਲਾ ੫)

ਖ਼ਾਲਸਾ ਬ੍ਰਦਰਜ਼

ਅੰਮ੍ਰਿਤਸਰ